ਬਣਵਾਏ। ਲੋਕ ਹਿੱਤ ਲਈ ਭਲੇ ਦੇ ਕੰਮ ਕੀਤੇ। ਪੁਰਾਣੇ ਮੰਦਰਾਂ ਦੀ ਮੁਰਮਤ ਤੇ ਤੀਰਥ ਯਾਤਰਾ ਕੀਤੀ। ਇਸਨੇ ਅਪਣੇ ਰਾਜ ਵਿਚ ਮਾਸ, ਸ਼ਰਾਬ ਤੇ ਪੂਰਨ ਪਾਬੰਦੀ ਲਗਾ ਦਿਤੀ। ਬ੍ਰਾਹਮਣਾਂ ਨੂੰ ਯੱਗ, ਅਨਾਜ ਰਾਹੀਂ ਦੇ ਕੇ ਬਲੀ ਕਰਨ ਦੀ ਪ੍ਰੇਰਣਾ ਕੀਤੀ। ਇਸ ਕਾਲ ਵਿਚ ਜੈਨ ਧਰਮ ਦੀ ਸਰਵ ਪੱਖੀ ਤਰੱਕੀ ਹੋਈ। ਜੈਨ ਧਰਮ ਗੁਜਰਾਤ ਦਾ ਰਾਜਧਰਮ ਬਣ ਗਿਆ। ਇਸ ਦੇ ਅਧੀਨ ਪੰਜਾਬ, ਕਸ਼ਮੀਰ ਦੇ ਰਾਜਿਆਂ ਨੇ ਜੈਨ ਧਰਮ ਗ੍ਰਹਿਣ ਕਰ ਲਿਆ।

ਇਸ ਤੋਂ ਪਹਿਲੇ ਸਮੇਂ ਵਿਚ ਵਿਮਲ ਸ਼ਾਹ ਮੰਤਰੀ ਨੇ ਮਾਉਂਟ ਆਬੂ ਤੇ ਸੁੰਦਰ ਮੰਦਿਰ ਬਣਵਾਏ। ਮੰਤਰੀ ਤੇਜਪਾਲ ਤੇ ਵਸਤੂ ਪਾਲ ਨੇ ਅਨੇਕਾਂ ਜੈਨ ਕਲਾਤਮਕ ਮੰਦਰ 13 ਸ਼ਤਾਵਦੀ ਵਿਚ ਬਣਵਾਏ। ਇਨ੍ਹਾਂ ਦੋਹਾਂ ਭਰਾਵਾਂ ਨੇ ਕਈ ਲੜਾਈਆਂ ਲੜੀਆਂ ਕਿਉਂਕਿ ਦੋਵੇਂ ਭਰਾ ਸੇਨਾਪਤੀ ਸਨ।

ਭਗਵਾਨ ਮਹਾਵੀਰ ਤੋਂ 2000 ਸਾਲ ਬਾਅਦ ਬਿਹਾਰ, ਉੜੀਸਾ ਅਤੇ ਗੁਜਰਾਤ ਵਿਚ ਜੈਨ ਧਰਮ ਖੂਬ ਪ੍ਰਭਾਵਿਤ ਹੋਇਆ। ਇਕੱਲੇ ਜੈਨ ਅਚਾਰਿਆ ਸਮਤਭਦਰ ਨੇ ਸਾਰੇ ਭਾਰਤਵਰਸ਼ ਵਿਚ ਦੂਸਰੇ ਧਰਮਾਂ ਵਾਲਿਆਂ ਨਾਲ ਸ਼ਾਸਤਰਾਰਥ ਕਰਕੇ ਜੈਨ ਧਰਮ ਦਾ ਝੰਡਾ ਬੁਲੰਦ ਕੀਤਾ। ਅਨੇਕਾਂ ਸੰਸਕ੍ਰਿਤ ਗ੍ਰੰਥਾਂ ਦੀ ਰਚਨਾ ਕੀਤੀ। ਅਚਾਰਿਆ ਸਮੱਤਭਦਰ ਦਾ ਸਵੇਤਾਂਵਰ ਤੇ ਦਿਗੰਬਰ ਦੋਵੇਂ ਹੀ ਸਨਮਾਨ ਕਰਦੇ ਹਨ। ਇਸ ਰਾਜ ਵਿਚ ਪ੍ਰਸਿਧ ਸਥਾਨਕਵਾਸੀ ਵਿਦਵਾਨ ਲੋਂਕਾਸ਼ਾਹ ਗੁਰੂ ਨਾਨਕ ਦੇਵ ਦਾ ਸਮਕਾਲੀ ਸੀ। ਜਿਨ੍ਹਾਂ ਨੇ ਪਾਖੰਡ ਦੀ ਵਿਰੋਧਤਾ ਕੀਤੀ। ਇਥੇ ਸ੍ਰੀ ਬਲਭ ਵਿਜੈ ਵਰਗੇ ਅਚਾਰਿਆ ਹੋਏ। ਜੋ ਪ੍ਰਸਿਧ ਦੇਸ਼ ਭਗਤ ਤੇ ਸਿੱਖਿਆ ਸ਼ਾਸ਼ਤਰੀ ਸਨ।

## ਰਾਜਸਥਾਨ ਵਿਚ ਜੈਨ ਧਰਮ

ਰਾਜਸਥਾਨ ਵਿਚ ਜੈਨ ਧਰਮ ਦਾ ਬਹੁਤ ਹੀ ਸੁਨੇਹਰਾ ਇਤਿਹਾਸ ਹੈ। ਅਨੇਕਾਂ ਰਾਜੇ, ਮੰਤਰੀ, ਸ਼ਾਹੂਕਾਰਾਂ ਨੇ ਰਾਜਸਥਾਨ ਦੇ ਪਿੰਡਾਂ ਸ਼ਹਿਰਾਂ ਵਿਚ ਕਲਾਤਮਕ ਮੰਦਰ ਬਨਾਏ ਹਨ। ਪੁਰਾਤਤਵ ਪਖੋਂ ਰਾਜਸਥਾਨ ਤੇ ਗੁਜਰਾਤ ਵਿਚ ਜੈਨ ਕਲਾ ਦਾ ਬਹੁਤ ਘੱਟ ਨੁਕਸਾਨ ਹੋਇਆ ਹੈ। ਭਗਵਾਨ ਮਹਾਵੀਰ ਸਿੰਧ ਸੌਵਿਰ ਪਹੁੰਚਦੇ ਹੋਏ ਰਾਹ ਵਿਚ ਇਸ ਰਸਤੇ ਰਾਹੀਂ ਧਰਮ ਪ੍ਰਚਾਰ ਕਰਦੇ ਗੁਜਰੇ ਸਨ। ਅੱਜ ਜੈਨ ਧਰਮ ਨੂੰ ਮਨਣ ਵਾਲੀਆਂ ਔਸਵਾਲ, ਬਬੇਰਵਾਲ, ਪਲੀਵਾਲ ਆਦਿ ਜਾਤਾਂ ਦਾ ਜਨਮ ਸਥਾਨ ਰਾਜਸਥਾਨ ਹੀ ਹੈ। ਚਿਤੌੜ ਦਾ ਕੀਰਤੀ ਸਤੰਭ, ਉਦੇਪੁਰ ਕੋਲ ਕੇਸਰੀਆ ਜੀ, ਰਾਣਕ ਪੁਰ, ਮਾਉਂਟ ਆਬੂ ਸਭ ਰਾਜਸਥਾਨ ਵਿਚ ਹੀ ਹਨ। ਜੋਧਪੁਰ, ਬੀਕਾਨੇਰ, ਅਜਮੇਰ, ਜਿਲਿਆਂ ਵਿਚ ਅਨੇਕਾਂ ਜੈਨ ਤੀਰਥ ਹਨ। ਸਵਾਈ ਮਾਧੋਪੁਰ ਵਿਖੇ ਸ੍ਰੀ ਮਹਾਵੀਰ ਜੀ ਨਾਂ ਦਾ ਪ੍ਰਸਿਧ ਤੀਰਥ ਹੈ। ਰਾਜਸਥਾਨ ਦੇ ਕਰੀਬ ਹਰ ਸ਼ਹਿਰ, ਪਿੰਡ ਵਿਚ ਜੈਨ ਗ੍ਰੰਥਾਂ ਦੇ ਪੁਰਾਤਨ ਭੰਡਾਰ ਸੁਰਖਿਅਤ ਹਨ। ਰਾਜਸਥਾਨ ਵਿਚ ਜੈਨ ਧਰਮ ਦੇ ਚਾਰੋ ਫਿਰਕੇ ਵੱਧੇ ਫੁੱਲੇ ਹਨ। ਸ਼ਵੇਤਾਂਵਰ ਤੇਰਾ ਪੰਥੀ ਫਿਰਕੇ ਦੀ ਜਨਮ ਸਥਲੀ ਰਾਜਸਥਾਨ ਹੈ।

ਤੇਰਾਪੰਥੀ ਫਿਰਕੇ ਦੇ ਸਾਰੇ ਅਚਾਰਿਆ ਰਾਜਸਥਾਨ ਨਾਲ ਸੰਬੰਧਿਤ ਹਨ। ਇਹ ਫਿਰਕਾ ਅੱਜ ਕੱਲ ਅਨੁਵਰਤ ਅਨੁਸ਼ਾਸਤਾ ਅਚਾਰਿਆ ਤੁਲਸੀ ਜੀ ਦੀ ਹਿਦਾਇਤਾਂ

ਅਨੁਸਾਰ ਪ੍ਰਚਾਰ ਕਰਦਾ ਹੈ । ਤੇਰਾਪੰਥ ਫਿਰਕੇ ਦੇ 90 ਪ੍ਰਤੀਸ਼ਤ ਸਾਧੂ ਸਾਧਵੀਆਂ ਰਾਜਸਥਾਨੀ ਹਨ । ਇਸ ਤੋਂ ਛੁਟ ਸ਼ਵੇਤਾਂਬਰ ਜੈਨ ਪੂਜਾ ਦੇ ਡੇਰੇ ਵੀ ਰਾਜਸਥਾਨ ਵਿਚ ਪ੍ਰਚਾਰ ਕੇਂਦਰ ਹਨ । ਜੈਸਲਮੇਰ ਦਾ ਗ੍ਰੰਥ ਭੰਡਾਰ ਸਾਰੀ ਦੁਨੀਆਂ ਵਿਚ ਜੈਨ ਧਰਮ ਦਾ ਨਾਂ ਚਮਕਾ ਰਹੇ ਹਨ, ਜਿਥੇ ਹਜਾਰਾਂ ਹਥ ਲਿਖਤ, ਦੁਰਲਭ ਅਣਛਪੇ ਗ੍ਰੰਥ ਕਿਲੇ ਵਿਚ ਸੁਰਖਿਅਤ ਹਨ । ਇਸ ਰਾਜ ਨੇ ਅਨੇਕਾਂ ਕਵੀ ਵਿਦਵਾਨ ਜੈਨ ਧਰਮ ਨੂੰ ਪ੍ਰਦਾਨ ਕੀਤੇ ।

ਸ਼ਵੇਤਾਂਬਰ ਸਥਾਨਕਵਾਸੀ ਫਿਰਕੇ ਦੇ ਕਾਫੀ ਸਾਧੂ ਅਤੇ ਸਾਧਵੀਆਂ ਦਾ ਸੰਬੰਧ ਵੀ ਇਸ ਰਾਜ ਨਾਲ ਰਿਹਾ ਹੈ । ਦਰਅਸਲ ਗੁਜਰਾਤ ਅਤੇ ਰਾਜਸਥਾਨ ਜੈਨ ਧਰਮ ਦੇ ਪ੍ਰਮੁਖ ਰਾਜ ਹਨ । ਇਨ੍ਹਾਂ ਦੋਹਾਂ ਰਾਜਾਂ ਤੋਂ ਜੈਨ ਧਰਮ ਦੇ ਪ੍ਰਚਾਰ ਸਾਰੇ ਭਾਰਤ ਵਿਸ਼ੇਸ਼ ਤੌਰ ਤੇ ਸਿੰਧ, ਪੰਜਾਬ, ਕਸ਼ਮੀਰ, ਗੰਧਾਰ, ਰੂਸ ਤਕ ਪੁਜੇ ਹਨ । ਦਿਗੰਬਰ ਫਿਰਕੇ ਦੇ ਅਨੇਕਾਂ ਪ੍ਰਚਾਰ ਕੇਂਦਰ, ਮੰਦਰ, ਮਠ, ਗ੍ਰੰਥ ਭੰਡਾਰ ਕਾਫੀ ਮਾਤਰਾ ਵਿਚ ਮਿਲਦੇ ਹਨ ।

**ਮੱਧ ਪ੍ਰਦੇਸ਼—** ਇਹ ਰਾਜ ਪ੍ਰਸਿਧ ਖੰਡੇਲਵਾਲ ਜਾਤੀ ਦਾ ਜਨਮ-ਸਥਾਨ ਹੈ । ਇਸ ਰਾਜ ਵਿਚ ਦਿਗੰਬਰ ਫਿਰਕੇ ਦਾ ਬਹੁਤ ਜੋਰ ਹੈ । ਇਥੇ ਅਨੇਕਾਂ ਜੈਨ ਤੀਰਥ ਹਨ । ਗਵਾਲੀਅਰ ਦੇ ਕਿਲੇ ਦੀਆਂ ਵਿਸ਼ਾਲ ਜੈਨ ਮੂਰਤੀਆਂ ਵੇਖਨ ਯੋਗ ਹਨ । ਇਸ ਤੋਂ ਛੁਟ ਖੁਜਰਾਹੋ, ਮੁਕਾਤਗਿਰੀ, ਚਗੀ, ਮਗੀ ਸੋਮ ਗਿਰ, ਦੇਵ ਗੜ, ਦੋਰਨਾ ਗਿਰੀ ਅਨੇਕਾਂ ਜੈਨ ਧਨਮ ਦੇ ਕਲਾ ਤੇ ਪ੍ਰਚਾਰ ਕੇਂਦਰ ਹਨ ।

ਇਸ ਰਾਜ ਵਿਚ 17ਵੀਂ ਸਦੀ ਤਕ ਜੈਨ ਧਰਮ ਵਧਦਾ ਫੁਲਦਾ ਰਿਹਾ । ਇਥੇ ਕਲਚਰੀ ਵੰਸ਼ ਦੇ ਰਾਜੇ ਜੈਨ ਧਰਮ ਦੇ ਉਪਾਸਕ ਸਨ । ਇਨ੍ਹਾਂ ਦਾ ਸਮਾਂ 8-9 ਸਦੀ ਰਿਹਾ ਹੈ । ਜੈਨ ਕਲਾ ਦੇ ਚਿੰਨ੍ਹ ਹਰ ਪਿੰਡ ਅਤੇ ਪੁਰਾਣੇ ਸ਼ਹਿਰਾਂ ਵਿਚ ਵੇਖੇ ਜਾ ਸਕਦੇ ਹਨ, ਹੁਣ ਵੀ ਮੱਧ ਪ੍ਰਦੇਸ਼ ਜੈਨ ਧਰਮ ਦਾ ਪ੍ਰਮੁਖ ਕੇਂਦਰ ਹੈ ।

**ਉੱਤਰ ਪ੍ਰਦੇਸ਼—** ਅਸੀਂ ਸ਼ੁਰੂ ਵਿਚ ਆਖ ਚੁਕੇ ਹਾਂ ਕਿ ਜ਼ਿਆਦਾ ਤੀਰਥੰਕਰਾਂ ਦਾ ਸੰਬੰਧ ਉੱਤਰਪ੍ਰਦੇਸ਼ ਨਾਲ ਸੀ । ਅੱਜ ਵੀ ਮਥੁਰਾ, ਮੇਰਠ (ਸ਼੍ਰਾਵਸਤੀ) ਖੁਖੰਦੋ, ਅਹਿਛੋਤਰ ਹਸਤਨਾਪੁਰ, ਬਨਾਰਸ, ਅਯੋਧਿਆ ਆਦਿ ਜੈਨ ਧਰਮ ਨਾਲ ਸੰਬੰਧਿਤ ਤੀਰਥ ਉੱਤਰਪ੍ਰਦੇਸ਼ ਵਿੱਚ ਹਨ । ਹਰ ਤੀਰਥੰਕਰ ਨੇ ਉੱਤਰ ਪ੍ਰਦੇਸ਼ ਵਿੱਚ ਧਰਮ ਪ੍ਰਚਾਰ ਕੀਤਾ ਹੈ । ਪਹਿਲੇ ਤੀਰਥੰਕਰ ਰਿਸ਼ਭਦੇਵ ਸਮੇਤ ਅਨੇਕਾਂ ਤੀਰਥੰਕਰਾਂ ਦੀ ਜਨਮ ਭੂਮੀ ਇਹ ਪ੍ਰਦੇਸ਼ ਹੈ, ਭਗਵਾਨ ਮਹਾਵੀਰ ਸਵਾਮੀ ਕਈ ਵਾਰ ਇਸ ਇਲਾਕੇ ਵਿੱਚ ਘੁੰਮੇ । ਖਾਸ ਤੌਰ ਤੇ ਬਾਰਾਨਸੀ, ਨੰਦ ਗ੍ਰਾਮ, ਮਥੁਰਾ, ਹਸਤਨਾਪੁਰ, ਕੋਸਮ (ਕੌਸ਼ਾਂਬੀ) ਦਾ ਨਾਂ ਵਰਨਣ ਯੋਗ ਹੈ । ਇਸੇ ਦਾ ਇੱਕ ਖੇਤਰ ਮੱਲ ਸੀ । ਭਗਵਾਨ ਮਹਾਵੀਰ ਦੇ ਨਿਰਵਾਨ ਸਮੇਂ ਕਾਸ਼ੀ, ਕੋਸ਼ਲ ਤੇ ਮਲ ਗਣਖੇਤਰ ਦੇ ਰਾਜੇ ਭਗਵਾਨ ਦਾ ਅੰਤਿਮ ਉਪਦੇਸ਼ ਸੁਨਣ ਮਗਧ ਦੇਸ਼ ਦੀ ਪਾਵਾ ਨਗਰੀ ਪਹੁੰਚੇ ਸਨ । ਅੱਜ ਉੱਤਰ ਪ੍ਰਦੇਸ਼ ਵਿੱਚ ਹਰ ਫਿਰਕੇ ਦੇ ਤੀਰਥ ਸਥਾਨ, ਗ੍ਰੰਥ ਭੰਡਾਰ ਮਿਲਦੇ ਹਨ । ਮਥੁਰਾ ਦੀਆਂ ਜੈਨ ਮੂਰਤੀਆਂ ਅਤੇ ਜੈਨ ਸਥਾਨ ਇਸ ਗੱਲ ਦਾ ਜਿਉਂਦਾ ਪ੍ਰਮਾਣ ਹੈ ਕਿ ਜੈਨ ਧਰਮ ਉੱਤਰਪ੍ਰਦੇਸ਼ ਦੇ ਲੋਕਾਂ ਦਾ ਆਮ ਧਰਮ ਸੀ । ਇਹ ਰਾਜ ਮਹਾਸਾਧਵੀ ਪਾਰਵਤੀ ਦੀ ਜਨਮ ਭੂਮੀ ਹੈ ਜੋ ਸ਼ਵੇਤਾਂਬਰ ਵਿਦਵਾਨ ਸਨ ।

ਸ਼ਵੇਤਾਂਬਰ ਸਥਾਨਕਵਾਸੀ ਫਿਰਕੇ ਦੇ ਅਨੇਕਾਂ ਵਿਦਵਾਨ ਮੁਨੀ ਇਸ ਰਾਜ ਨਾਲ ਸੰਬੰਧਿਤ ਹਨ ।

## ਪੰਜਾਬ-ਹਰਿਆਣਾ ਤੇ ਕਸ਼ਮੀਰ

ਪੰਜਾਬ ਦੀ ਕੋਈ ਪੱਕੀ ਹੱਦ ਨਿਸ਼ਚਿਤ ਨਹੀਂ ਰਹੀ। ਜਿਸ ਰਾਜ ਨੂੰ ਅਸੀਂ ਅੱਜ ਪੰਜਾਬ ਆਖਦੇ ਹਾਂ ਇਹ 1967 ਵਿਚ ਹੋਂਦ ਵਿਚ ਆਇਆ। 1947 ਤੋਂ ਪਹਿਲਾ ਪੰਜਾਬ ਕੰਧਾਰ ਤੋਂ ਲੈ ਕੇ ਦਿਲੀ ਤੱਕ ਅਖਵਾਉਂਦਾ ਸੀ। ਜਿਸ ਵਿਚ ਇਹ ਤਿੰਨ ਰਾਜ ਆ ਜਾਂਦੇ ਸਨ। ਭਗਵਾਨ ਮਹਾਵੀਰ ਸਮੇਂ ਇਹ ਹਿੱਸੇ ਛੋਟੇ 2 ਭਾਗਾਂ ਵਿਚ ਵੰਡੇ ਸਨ। ਜਿਨ੍ਹਾਂ ਦੇ ਨਾਂ ਕੁਰੂ ਸਿੰਧੂ ਸੋਵੀਰ, ਮਿਲਦੇ ਹਨ। ਭਗਵਾਨ ਮਹਾਵੀਰ ਨੇ ਕੁਰੂ ਦੇ ਰਾਜਾ ਸ਼ਿਵ ਅਤੇ ਸਿੰਧੂ ਵਿਚ ਪ੍ਰਾਂਤ ਦੇ ਰਾਜੇ ਉਦੇਯਨ ਨੂੰ ਸਾਧੂ ਬਣਾਇਆ ਸੀ। ਉਦੇਯਨ ਦਾ ਪਰਿਵਾਰ ਜੈਨ ਸ਼ਾਸਤਰਾਂ ਦਾ ਬਹੁਤ ਜਾਨਕਾਰ ਸੀ। ਉਸ ਦੀ ਭੈਣ ਜੈਅੰਤੀ ਨੇ ਮਹਾਵੀਰ ਤੋਂ ਅਨੇਕਾਂ ਪ੍ਰਸ਼ਨ ਪੁਛੇ ਸਨ ਜੋ ਅਜ ਵੀ ਭਗਵਤੀ ਸੂਤਰ ਵਿਚ ਦਰਜ ਹਨ। ਪੰਜਾਬ ਵੇਦ, ਪੁਰਾਣਾ, ਮਹਾਂਭਾਰਤ, ਅਤੇ ਰਮਾਇਣ ਦੀ ਜਨਮ ਸਥਲੀ ਹੈ। ਇਨ੍ਹਾਂ ਸਭ ਗ੍ਰੰਥਾਂ ਵਿਚ ਜੈਨ ਧਰਮ ਵਾਰੇ ਕਾਫੀ ਸਾਮਗਰੀ ਮਿਲਦੀ ਹੈ। ਇਹ ਇਕ ਰਾਜ ਸਰਹੱਦੀ ਹੈ। ਵਿਦੇਸ਼ੀਆਂ ਨੇ ਜੈਨ ਕਲਾ ਕੇਂਦਰਾਂ ਨੂੰ ਹਮਲਿਆਂ ਦਾ ਸ਼ਿਕਾਰ ਬਣਾਇਆ। ਪਰ ਅਜਿਹਾ ਕਦੇ ਮੌਕਾ ਨਹੀਂ ਆਇਆ, ਜਦੋਂ ਜੈਨ ਧਰਮ ਇਥੋਂ ਲੋਪ ਹੋਇਆ ਹੋਵੇ। ਭਗਵਾਨ ਰਿਸ਼ਵ ਦੇਵ ਦੇ ਪੁਤਰ ਬਾਹੁਵਲੀ ਨੇ ਗੰਧਾਰ ਦੀ ਰਾਜਧਾਨੀ ਤਕਸ਼ਿਲਾ ਬਨਾਈ। ਉਨ੍ਹਾਂ ਦੀ ਤਪੋ ਭੂਮੀ ਪੰਜਾਬ ਰਿਹਾ। ਭਗਵਾਨ ਮਹਾਵੀਰ ਵੀ ਆਪਣੀ ਤਪਸਿਆ ਸਮੇਂ ਥਾਨੇਸ਼ਵਰ, ਸਿਆਲਕੋਟ ਦੇ ਇਲਾਕੇ ਵਿਚ ਘੁਮੇ। ਕੇਵਲ ਗਿਆਨ ਹੋਣ ਉਪਰੰਤ ਆਪਣੇ ਰੋਹਤਕ, ਮੋਗਾ, ਭੇਰਾ ਵਿਚ ਰਟਨ ਕੀਤਾ। ਭਗਵਾਨ ਮਹਾਵੀਰ ਦੇ ਹਜ਼ਾਰਾਂ ਸਾਧੂ-ਸਾਧਵੀ ਇਨ੍ਹਾਂ ਰਾਜਾਂ ਵਿਚ ਘੁੰਮੇ। ਸਿੰਧ-ਪੰਜਾਬ ਇਲਾਕੇ ਵਿਚ ਭਗਵਾਨ ਪਾਰਸ ਨਾਥ ਦੇ ਸਾਧੂ ਵੀ ਘੁਮਦੇ ਰਹੇ ਹਨ ਅਜਿਹਾ ਕੁਰਸੀ ਨਾਮਿਆ ਤੋਂ ਪਤਾ ਲਗਦਾ ਹੈ। ਮੱਧਕਾਲ ਵਿਚ ਲਾਹੌਰ, ਕਸੂਰ, ਮੁਲਤਾਨ, ਦਿਲੀ, ਮੱਧ ਪੰਜਾਬ, ਤੋਸ਼ਾਮ ਦਾ ਇਲਾਕਾ ਜੈਨ ਅਬਾਦੀਆ ਦਾ ਪ੍ਰਮੁਖ ਕੇਂਦਰ ਸੀ। ਇਥੋਂ ਦੀ ਅਗਰਵਾਲ ਜਾਤ ਨੇ ਜੈਨ ਧਰਮ ਨੂੰ ਤੀਜੀ ਸਦੀ ਵਿਚ ਗ੍ਰਹਿਣ ਕਰ ਲਿਆ ਸੀ। ਮੁਗੱਲ ਕਾਲ ਵਿਚ ਜਿਨ ਪ੍ਰਭਵ ਸੂਰੀ, ਹੀਰਾ ਵਿਜੇ ਅਤੇ ਜਿਨ ਚੰਦਰ ਜਿਹੇ ਅਚਾਰਿਆ ਪੰਜਾਬ ਵਿਚ ਘੁੰਮੇ।

ਇਨ੍ਹਾਂ ਰਾਜਾਂ ਵਿਚ ਉਤਰ ਪ੍ਰਦੇਸ਼, ਗੁਜਰਾਤ, ਮਹਾਂਰਾਸਟਰ, ਰਾਜਸਥਾਨ ਦੇ ਸਾਧੂ ਤੇ ਪੂਜ ਧਰਮ ਪ੍ਰਚਾਰ ਕਰਦੇ ਰਹੇ। ਮੁਗਲ ਕਾਲ ਵਿਚ ਸਥਾਨਕਵਾਸੀ ਫਿਰਕਾ ਇਥੇ ਦਾ ਪ੍ਰਮੁਖ ਫਿਰਕਾ ਹੋ ਗਿਆ। ਪਰ ਹੁਣ ਪੁਜਾਬ ਵਿਚ ਹਰ ਫਿਰਕੇ ਦੇ ਜੈਨ ਪ੍ਰਚਾਰ ਕੇਂਦਰ, ਗ੍ਰੰਥ ਭੰਡਾਰ ਤੇ ਸਾਧੂ ਮਿਲਦੇ ਹਨ। ਪੰਜਾਬ ਦੇ ਰਾਜਿਆ ਨੇ ਜੈਨ ਸਾਧੂ, ਪੂਜਾ ਨੂੰ ਬਹੁਤ ਸਨਮਾਨ ਦਿਤਾ। ਮੇਘ ਵਿਨੋਦ, ਮੇਘ ਵਿਲਾਸ ਜੇਹੇ ਅਨੇਕਾਂ ਹਿਕਮੱਤ ਦੇ ਗ੍ਰੰਥ ਪੰਜਾਬ ਵਿਚ ਜੈਨਮੁਨੀਆਂ ਨੇ ਲਿਖੇ।

ਅੱਜ ਵੀ ਸ਼ਵੇਤਾਂਵਰ ਸਥਾਨਕਵਾਸੀ ਮੁਨੀਆਂ ਵਿਚ ਜ਼ਿਆਦਾ ਸਾਧੂ-ਸਾਧਵੀ ਪੰਜਾਬ ਨਾਲ ਸਬੰਧਿਤ ਹਨ। ਇਥੇ ਜੈਨੀਆਂ ਦਾ ਕਿਸੇ ਨਾਲ ਟਕਰਾ ਨਹੀਂ ਰਿਹਾ। ਹੁਣ

ਵੀ ਪੰਜਾਬ ਵਿਚ ਜਿਆਦਾ ਗਿਣਤੀ ਸ਼ਵੇਤਾਂਵਰ ਸਥਾਨਕਵਾਸੀ ਫਿਰਕੇ ਦੀ ਹੈ। 50 ਸਾਲ ਪਹਿਲਾ ਤੇਰਾਪੰਥੀ ਜੈਨ ਫਿਰਕੇ ਦਾ ਪੰਜਾਬ ਵਿਚ ਅਗਮਨ ਹੋਇਆ। ਪੰਜਾਬ ਨੇ ਜੈਨ ਧਰਮ ਨੂੰ ਅਚਾਰਿਆਂ ਅਮਰ ਸਿੰਘ, ਅਚਾਰਿਆ ਆਤਮਨੰਦ, ਅਚਾਰਿਆ ਆਤਮਾਰਾਮ, ਪੂਜਨੰਦ ਲਾਲ, ਪੂਜ ਰੂਪ ਚੰਦ ਜ਼ੀ, ਜਿਹੇ ਵਿਦਵਾਨ ਅਚਾਰਿਆ ਪ੍ਰਦਾਨ ਕੀਤੇ ਹਨ। ਪੰਜਾਬ ਵਿਚ ਅਠਵੀਂ ਸਦੀ ਤਕ ਦੇ ਜੈਨ ਧਰਮ ਦੇ ਪੁਰਾਤਤਵ ਚਿਨ ਮਿਲਦੇ ਹਨ।

ਵਰਤਮਾਨ ਕਾਲ ਵਿਚ ਉਪਾਧਿਆ ਅਮਰਮੁਨੀ ਜੀ, ਸ੍ਰੀ ਵਿਮਲ ਮੁਨੀ ਜੀ, ਸ੍ਰੀ ਚੰਦਨ ਮੁਨੀ ਜੀ, ਉਪਾਧਿਆ ਸ੍ਰੀ ਫੂਲ ਚੰਦ ਜੀ ਸ੍ਰਮਣ, ਭੰਡਾਰੀ ਪੱਦਮ ਚੰਦ ਜੀ, ਤਪਸਵੀ ਫਕੀਰ ਚੰਦ ਸ੍ਰੀ ਧੰਨ ਰਾਜ, ਪੂਜ ਲਾਲ ਚੰਦ (ਅੰਬਾਲਾ), ਅਰਹਤਸੰਘ ਅਚਾਰਿਆ ਸ਼ੁਸੀਲ ਕੁਮਾਰ ਜੀ, ਚੰਦਨਮੁਨੀ, ਪ੍ਰਸਿਧ ਪੰਜਾਬੀ ਜੈਨ ਲੇਖਿਕਾ ਸਾਧਵੀ ਸ੍ਰੀ ਸੁਵਰਨਕਾਂਤਾ ਜੀ ਮਹਾਰਾਜ ਦਾ ਸੰਭਧ ਵੀ ਪੰਜਾਬ ਨਾਲ ਹੈ। ਇਹ ਸਾਧੂ ਲੇਖਕ, ਕਵੀ ਅਤੇ ਵਿਦਵਾਨ ਹਨ। ਪੂਜ ਖਜਾਨ ਚੰਦ ਜੀ ਅਤੇ ਅਚਾਰਿਆ ਸ੍ਰੀ ਵਿਜੈ ਬਲਭ ਨੇ ਪੰਜਾਬ ਵਿਚ ਸਿਖਿਆ ਸੰਸਥਾਵਾਂ ਦਾ ਜਾਲ ਵਿੱਛਾ ਦਿਤਾ ਹੈ। ਅਚਾਰਿਆ ਆਤਮਾ ਨੰਦ ਜੀ ਨੇ ਬਲੋਚਿਸਤਾਨ ਸਿੰਧ ਪੁਰਾਤਨ ਪੰਜਾਬ ਅਨੇਕਾਂ ਨਵੇਂ ਮੰਦਰ ਪ੍ਰੇਰਣਾ ਦੇ ਕੇ ਬਨਵਾਏ। ਇਨ੍ਹਾਂ ਸੱਤਰਾਂ ਦੇ ਲੇਖਕ ਦਾ ਸਬੰਧ ਵੀ ਪੰਜਾਬ ਨਾਲ ਹੈ ਜਿਨ੍ਹਾਂ ਪਹਿਲੀ ਵਾਰ ਸਾਧਵੀ ਸ਼੍ਰੀ ਸਵਰਨ ਕਾਂਤਾ ਜੀ ਦੀ ਪ੍ਰੇਰਣਾ ਨਾਲ ਪੰਜਾਬੀ ਭਾਸ਼ਾ ਵਿਚ 40 ਪੁਸਤਕਾਂ ਪਹਿਲੀ ਵਾਰ ਲਿਖੀਆ ਹਨ। ਇਹ ਜੈਨ ਗ੍ਰੰਥ ਅਨੁਵਾਦ, ਸੰਪਾਦਕ, ਲੇਖਨ, ਕਹਾਣੀ ਲੇਖਣ, ਇਤਿਹਾਸ ਨਾਲ ਸਬੰਧਿਤ ਹਨ।

**ਦਖਣ ਭਾਰਤ ਵਿਚ ਜੈਨ ਧਰਮ :**

ਭਗਵਾਨ ਮਹਾਂਵੀਰ ਦੇ ਨਿਰਵਾਨ ਤੋਂ ਤਕਰੀਬਨ 500 ਸਾਲ ਬਾਅਦ ਜੈਨੀਆ ਦੇ ਦੋ ਫਿਰਕੇ ਸ਼ਵੇਤਾਂਵਰ ਤੇ ਦਿਗੰਵਰ ਹੋ ਗਏ। ਸ਼ਵੇਤਾਂਵਰ ਸਫੇਦ ਕਪੜੇ ਪਹਿਨਦੇ ਹਨ ਦਿਗੰਵਰ ਮੁਨੀ ਨਗਨ ਰਹਿੰਦੇ ਹਨ। ਚੰਦਰ ਗੁਪਤ ਮੌਰਿਆ ਸਮੇਂ 12 ਸਾਲ ਦਾ ਅਕਾਲ ਪਿਆ। ਉਦੋਂ ਸ਼ਵੇਤਾਂਵਰ ਗੁਜਰਾਤ, ਰਾਜ ਸਥਾਨ ਅਤੇ ਪੰਜਾਬ ਨੂੰ ਆ ਗਏ ਪਰ ਦਿਗੰਵਰ ਦਖਣ ਭਾਰਤ ਵਲ ਅਗੇ ਵਧੇ। ਅੱਜ ਵੀ ਦਖਣ ਭਾਰਤ ਵਿਚ ਜੈਨ ਕਲਾ, ਹੋਰਾਂ ਖੇਤਰਾਂ ਨਾਲੋਂ ਵਧ ਸੁਰਖਿਅਤ ਹੈ।

ਦਖਣ ਦੀ ਭਾਸ਼ਾਵਾਂ ਵਿਚ ਜੈਨ ਸਾਧੂਆਂ ਨੇ ਧਰਮ ਪ੍ਰਚਾਰ ਕਰਨਾ ਸ਼ੁਰੂ ਕਰ ਦਿਤਾ। ਜਿਸ ਨਾਲ ਜੈਨ ਧਰਮ ਉਤਰ ਪੂਰਵ ਦੀ ਤਰ੍ਹਾਂ ਲੋਕਾਂ ਦਾ ਧਰਮ ਬਣ ਗਿਆ।

ਦਖਣ ਦੇ ਰਾਜਾਂ ਨੂੰ ਜੈਨ ਧਰਮ ਪਖੋਂ ਦੋ ਭਾਗਾਂ ਵਿਚ ਵੰਡ ਸਕਦੇ ਹਾਂ ਤਾਮਲ ਤੇ ਕਰਨਾਟਕ।

ਤਾਮਲ ਦੇ ਚੋਲ ਤੇ ਪਾਂਡੋ ਰਾਜੇ ਜੈਨ ਧਰਮ ਦੇ ਉਪਾਸਕ ਸਨ ਪਰ ਤਾਮਲ ਵਿਚ ਜੈਨ ਧਰਮ ਨੂੰ ਬਹੁਤ ਹੀ ਕਸ਼ਟ ਸ਼ੈਵ ਮਤ ਵਾਲਿਆਂ ਤੋਂ ਉਠਾਨੇ ਪਏ। ਤਾਮਲ ਭਾਸ਼ਾਂ ਦੇ

ਗ੍ਰੰਥ ਨਾਲਿਦਿਅਰ ਅਤੇ ਮਦੂਰਾਏ ਦੇ ਮਿਨਾਕਸ਼ੀ ਮੰਦਰ ਇਨ੍ਹਾਂ ਜ਼ੁਲਮਾਂ ਦੀ ਕਹਾਣੀ ਦਸ ਰਹੇ ਹਨ। ਹਜ਼ਾਰਾਂ ਜੈਨ ਸਾਧੂ ਫੂਕ ਦਿਤੇ ਗਏ ਮੰਦਰ ਢਾਹ ਦਿਤੇ ਗਏ। ਕਈ ਮੰਦਰਾਂ ਨੂੰ ਸ਼ਿਵ ਮੰਦਰ ਬਣਾ ਦਿਤਾ ਗਿਆ। ਇਸ ਇਲਾਕੇ ਵਿਚ ਅਨੇਕਾਂ ਦਿਗੰਵਰ ਜੈਨ ਅਚਾਰੀਆ ਨੇ ਜੈਨ ਗ੍ਰੰਥ ਲਿਖੇ ਕਾਂਚੀ ਜੈਨ ਧਰਮ ਦਾ ਕੇਂਦਰ ਹਿਉਨਸਾਂਗ ਸਮੇਂ ਤਕ ਬਣਿਆ ਰਿਹਾ। ਜੈਨ ਅਚਾਰੀਆਂ ਨੇ ਪ੍ਰਚਾਰ ਦਾ ਮਾਧਿਅਮ ਤਾਮਲ ਤੇ ਕਨੜ ਬਣਾਇਆ। ਸ਼ਿਵ ਸਾਧੂ ਅੱਪਰੱ ਨੇ ਜੈਨ ਰਾਜਾ ਮਹੇਦਰ ਵਰਮਾਂ ਨੂੰ ਸੈਵ ਬਣਾਕੇ ਜ਼ੁਲਮ ਸ਼ੁਰੂ ਕੀਤੇ। ਚਾਲੂਕਿਆ ਰਾਜਾਵਾਂ ਨੇ ਜੈਨ ਧਰਮ ਦੀ ਮਦਦ ਕੀਤੀ। ਪਰ ਕਰਨਾਟਕ ਵਿਚ ਜੈਨ ਧਰਮ ਨੂੰ ਬਹੁਤ ਹੀ ਮਹੱਤਵ ਪੂਰਨ ਸਥਾਨ ਮਿਲਿਆ। ਆਂਧਰ ਵੰਸ, ਕੰਦਬਵੰਸ, ਦੇ ਅਨੇਕਾਂ ਰਾਜੇ ਜੈਨ ਸਨ ਕਰਨਾਟਕ ਵਿਚ ਅਨੇਕਾਂ ਜੈਨ ਇਸਤਰੀਆਂ ਨੇ ਧਰਮ ਪ੍ਰਚਾਰ ਕੀਤਾ, ਅਜਿਹਾ ਸਿਲਾਲੇਖਾਂ ਤੋਂ ਸਿਧ ਹੈ। ਇਨ੍ਹਾਂ ਵਿਚ ਰਾਣੀ **ਜਕਿੱਕਯਵੇ** ਦਾ ਨਾਂ ਪ੍ਰਸਿਧ ਹੈ ਜੋ ਬਹਾਦਰ ਔਰਤ ਸੀ ਦਸਵੀਂ ਸਦੀ ਦੀ ਅੱਤੀਮਵੇ ਵੀ ਪ੍ਰਸਿਧ ਜੈਨ ਕਲਾ ਸੁਰਖਿਕਮੀ ਰਾਣੀ ਮਾਉਲ ਦੇਵੀ ਨੇ 1077 ਈ ਨੂੰ ਪਾਰਸ ਨਾਥ ਦਾ ਮੰਦਰ ਬਣਾਇਆ।

ਗੰਗ ਵੰਸ਼ ਰਾਜੇ ਵੀ ਦੂਜੀ ਸਦੀ ਤੋਂ ਲੈ ਕੇ 11ਵੀਂ ਸਦੀ ਤਕ ਰਾਜ ਕਰਦੇ ਰਹੇ। ਫੇਰ ਚੋਲ ਵੰਸ਼ ਨੇ ਉਨ੍ਹਾਂ ਨੂੰ ਹਰਾ ਦਿਤਾ। ਚੋਲ ਹੋਯਸਲ ਵੰਸ਼ ਤੋਂ ਹਾਰ ਗਏ। ਹੋਯਸਲ 11 ਵੀਂ ਸਦੀ ਤਕ ਰਾਜ ਕਰਦੇ ਰਹੇ।

ਪੁਰਾਣੇ ਚਾਲੁਕ 6 ਵੀ ਸਦੀ ਤੋਂ 11 ਵੀਂ ਸਦੀ ਤਕ ਰਾਜ ਕਰਦੇ ਰਹੇ। ਰਾਸ਼ਟਰ ਕੂਟ ਸੰ: 973 ਤਕ ਕਾਇਮ ਰਹੇ। ਹੁਣ ਅਸੀਂ ਵੰਸ਼ ਵਾਰ ਜਿਕਰ ਕਰਾਂਗੇ।

ਗੰਗ ਵੰਸ਼ ਦਾ ਪਹਿਲਾ ਰਾਜਾ ਮਾਧਵ ਸੀ ਉਸਨੇ ਜੈਨ ਧਰਮ ਨੂੰ ਰਾਜ ਧਰਮ ਬਣਾਇਆ। ਚੌਥੀ ਸਦੀ ਤੋਂ ਲੈ ਕੇ 12 ਵੀਂ ਸਦੀ ਦੇ ਅਨੇਕਾ ਸ਼ਿਲਾਲੇਖਾਂ ਤੋਂ ਪਤਾ ਚਲਦਾ ਹੈ ਕਿ ਇਸ ਵੰਸ਼ ਨੇ ਅਨੇਕਾ ਜੈਨ ਮੰਦਰ ਬਣਾਏ। ਮੁਨੀਆਂ ਨੂੰ ਦਾਨ ਦਿਤਾ। ਇਸ ਵੰਸ਼ ਦੇ ਮਾਰ ਸਿੰਘ ਨੇ ਚੇਰ, ਚੋਲ, ਪਾਂਡ ਤੇ ਜਿੱਤ ਹਾਸਲ ਕੀਤੀ। ਉਹ ਪੱਕਾ ਜੈਨ ਧਰਮੀ ਸੀ। ਉਸਦੀ ਮੌਤ 975 ਈ. ਨੂੰ ਹੋਈ।

ਭਗਵਾਨ ਰਿਸ਼ਵਦੇਵ ਦੇ ਦੂਸਰੇ ਪੁੱਤਰ ਬਾਹੂਵਲੀ ਦੀ 58 ਇੰਚ ਉੱਚੀ ਸੰਸਾਰ ਪ੍ਰਸਿਧ ਮੂਰਤੀ ਬਨਾਉਣ ਵਾਲਾ ਮੰਤਰੀ ਰਾਜਾ ਚਾਮੁੰਡ ਰਾਏ ਸੀ। ਜਿਸ ਨੇ ਆਪਣੇ ਗੁਰੂ ਨੇਮੀ ਚੰਦ ਸਿਧਾਂਤ ਚਕਰਵਰੋਤੀ ਦੀ ਪ੍ਰੇਰਨਾ ਨਾਲ, ਮਾਤਾ ਭਗਤੀ ਤੋਂ ਪ੍ਰੇਰਿਤ ਹੋ ਕੇ ਇਕ ਹੀ ਪਹਾੜ ਨੂੰ ਕੱਟ ਕੇ ਬਣਾਈ ਸੀ। ਜਿਸ ਨੂੰ ਦੱਖਣ ਵਿਚ ਗੋਮਟੇਸ਼ਵਰ ਬਾਹੁਵਲੀ ਆਖਦੇ ਹਨ। ਬਾਹੁਵਲੀ ਹੁਣ ਉਥੋਂ ਦੇ ਲੋਕਾਂ ਦਾ ਲੋਕ ਦੇਵਤਾ ਹੈ। ਚਾਮੁੰਡ ਰਾਏ ਖੁੱਦ ਵੀ ਜੈਨ ਗ੍ਰੰਥਾਂ ਦਾ ਵਿਦਵਾਨ ਸੀ ਉਹ ਰਾਜਮੱਲ ਰਾਜੇ ਦਾ ਮੰਤਰੀ ਬਹਾਦਰ ਯੋਧਾ ਤੇ ਸੈਨਾਪਤੀ ਸੀ। ਉਸ ਨੇ ਕਨੱੜ ਭਾਸ਼ਾ ਵਿਚ ਮਹਾਂਪੁਰਾਣ ਸੰਸਕ੍ਰਿਤ ਵਿਚ ਚਾਰਿਤਰ ਸਾਰ, ਅਤੇ ਪ੍ਰਾਕ੍ਰਿਤ ਵਿਚ ਗੋਮਟ ਸਾਰ ਦੀ ਰਚਨਾ ਕੀਤੀ। ਸੰਨ 1004 ਤਕ ਇਹ ਰਾਜ ਵੰਸ਼ ਠੀਕ ਚਲਿਆ।

ਫਿਰ ਇਹ ਰਾਜ ਕੰਮਜ਼ੋਰ ਹੁੰਦਾ ਗਿਆ।

ਹੋਯਸਲ ਵੰਸ਼ ਦੀ ਉਨਤੀ ਵਿਚ ਇਕ ਜੈਨਮੁਨੀ ਦਾ ਹੱਥ ਰਿਹਾ ਹੈ। ਇਸ ਵਿਚ ਅਮੋਘਵਰਸ਼ ਪਹਿਲਾ ਪ੍ਰਮੁਖ ਹੈ ਜੋ ਅੰਤ ਸਮੇਂ ਰਾਜਪਾਟ ਛਡਕੇ ਜੈਨਮੁਨੀ ਬਣ ਗਿਆ। ਇਸਨੇ ਕਈ ਮੰਦਰ ਬਣਾਏ। ਇਸ ਦੇ ਗੁਰੂ ਅਚਾਰਿਆ ਜਿਨ ਸੈਨ ਦੇ ਚੇਲੇ ਗੁਣ ਭਦੱਰ ਸਨ। ਉਹਨਾਂ ਉਤਰ ਪੁਰਾਣ ਲਿਖਿਆ। ਅਮੋਘਵਰਸ਼ ਦੇ ਰਾਜਾ ਵਿਚ ਹੀ ਪ੍ਰਸਿਧ ਜੈ ਧਵਲਾ, ਧਵਲਾ ਸ਼ਾਕਟਯਣ ਵਿਆਕਰਨ,ਪ੍ਰਸਨੋਤਰ ਰਤਨ ਮਾਲਿਕਾ ਗ੍ਰੰਥ ਲਿਖੇ ਗਏ। ਇਸ ਦਾ ਪੁਤਰ ਅਕਾਲ ਵਰਸ਼ ਵੀ ਜੈਨ ਧਰਮ ਦਾ ਮਹਾਨ ਉਪਾਸਕ, ਦਾਨੀ, ਕਲਾ ਪ੍ਰੇਮੀ ਸੀ।

ਕਦੰਬ ਵੰਸ਼ ਦੇ ਰਾਜੇਆਂ ਬ੍ਰਾਹਮਣ ਹੋਣ ਦੇ ਬਾਵਜੂਦ ਜੈਨ ਧਰਮ ਦੀ ਉਨਤੀ ਵਿਚ ਆਪਣੇ ਜੈਨ ਸੈਨਾਪਤੀਆਂ ਰਾਹੀਂ ਯੋਗ ਦਾਨ ਪਾਇਆ। ਇਸ ਵੰਸ਼ ਨੇ ਜੈਨ ਧਰਮ ਦੇ ਸ਼ਵੇਤਾਂਵਰ ਤੇ ਦਿਗੰਵਰ ਦੋਹਾਂ ਫਿਰਕਿਆ ਨੂੰ ਸਨਮਾਨ ਦਿਤਾ। ਕੁਕਸਥ ਵਰਮਾ, ਮਰਿਗੇਸ਼ ਵਰਮਾ, ਰਵੀ ਵਰਮਾ ਦੇ ਨਾਂ ਵਰਨਣਯੋਗ ਹਨ। ਇਹ ਵਸਦੇ ਇਹ ਰਾਜੇ 478 ਤੋਂ 534 ਈ. ਵਿਚ ਹੋਏ।

ਚਾਲੁਕ ਵੰਸ਼ ਦੇ ਦੋ ਭਾਗ ਹਨ ਪਛਮੀ ਚਾਲੁਕ ਨੇ 6 ਤੋਂ 8 ਸਦੀ ਤਕ ਰਾਜ ਕੀਤਾ ਜਦ ਕਿ ਪੂਰਵ ਚਾਲੂ ਨੇ ਆਂਧਰਾ ਪ੍ਰਦੇਸ਼ ਵਿਚ 7 ਤੋਂ 11 ਸਦੀ ਤਕ ਰਾਜ ਕੀਤਾ ਇਸ ਵੰਸ ਦੇ ਪੁਲਕੇਸੀ ਪਹਿਲਾ ਅਗੇ ਕੀਰਤੀ ਵਰਮਾ ਤੇ ਰਵਿ ਕੀਰਤੀ ਪੁਲਕੇਸੀ ਦੇ ਨਾਂ ਪ੍ਰਸਿੱਧ ਹਨ।

ਵਿਕਰਮਾਦਿਤ ਦੂਸਰੇ ਦੇ ਸਮੇ ਚਾਲੁਕ ਵੰਸ ਦੇ ਬੁਰੇ ਦਿਨ ਆ ਗਏ। ਸੰਨ 974 ਵਿਚ ਤੇਲਪ ਦੂਸਰਾਂ ਨੇ ਕਲਿਆਨੀ ਨੂੰ ਰਾਜਧਾਨੀ ਬਣਾਇਆ। ਇਹ ਧਾਰ ਨਗਰੀ ਦੇ ਰਾਜੇ ਸੀ। ਇਸ ਦੇ ਪੁਤਰ ਦੇ ਗੁਰੂ ਦਾ ਦਰਾਵਿੜ ਸੰਘ ਅਚਾਰਿਆ ਵਿਮਲਚੰਦ ਸੀ ਇਸ ਦੇ ਪੁਤਰ ਇਰੀਵ ਵੇਂਡਰਾ ਨੇ 997 ਤੋਂ 1004 ਤਕ ਰਾਜ ਕੀਤਾ। ਤੇਲਪ ਦਾ ਪੋਤਾ ਵੀ ਜੈਨ ਧਰਮ ਦੇ ਪ੍ਰਚਾਰ ਵਿਚ ਸਹਾਇਕ ਸੀ। ਇਸੇ ਵੰਸ ਦੇ ਸੋਮੇਸ਼ਵਰ ਪਹਿਲੇ ਤੇ ਦੂਸਰੇ ਨੇ ਜੈਨ ਧਰਮ ਦੀ ਤਰੱਕੀ ਵਿਚ, ਖ਼ੂਬ ਯੋਗਦਾਨ ਦਿਤਾ ਪੁਲਕੇਸ਼ੀ ਦੂਸਰੇ ਦੇ ਭਾਈ ਕੁਬਜ ਵਿਸ਼ਨੂੰ ਵਰਧਨ ਨੇ 615 ਤੋਂ 623 ਤਕ ਰਾਜ ਕੀਤਾ ਸੀ। ਇਸ ਦਾ ਰਾਜ ਧਰਮ ਵੀ ਜੈਨ ਸੀ।

ਇਨ੍ਹਾਂ ਸਭ ਰਾਜਿਆ ਨੇ ਅਨੇਕਾ ਜੈਨ ਮੰਦਰ ਬਣਾਏ। ਮੁਨੀਆਂ ਨੂੰ ਦਾਨ ਦਿਤਾ। ਵਿਦਵਾਨ ਦੇ ਸਹਿਯੋਗ ਨਾਲ ਅਨੇਕਾਂ ਗ੍ਰੰਥ ਲਿਖਵਾਏ।

## ਦੱਖਣ ਵਿਚ ਜੈਨੀਆ ਦਾ ਵਿਨਾਸ਼

ਚੋਲਕਿਆ ਤੋਂ ਬਾਅਦ ਕਾਲੁਚਰੀ ਵਿਜੋਲ ਜੈਨ ਰਾਜਾ ਸੀ ਪਰ ਇਸ ਦੇ ਸ਼ੈਵ ਉਪਾਸਕ ਮੰਤਰੀ ਵਿਜੱਲ ਨੇ ਜੈਨੀਆਂ ਨੂੰ ਬਹੁਤ ਕਸ਼ਟ ਦਿਤੇ। ਇਸ ਸਮੇਂ ਰਮਈਆ ਨਾਂ ਦਾ ਜੈਨ ਘਾਤਕ ਸਿਵ ਉਪਾਸਕ ਪੈਦਾ ਹੋਇਆ। ਰਮਈਆ ਨੇ ਅਨੇਕਾਂ ਜੈਨ ਮੰਦਰ ਢਾ

ਦਿਤੇ। ਪਿਛੋਂ ਰਮਈਆ ਦੇ ਅਸਰ ਹੇਠ ਵਿਜੁਲ ਵੀ ਸ਼ੈਵ ਬਣ ਗਿਆ।

ਸੰਨ 1268 ਦੇ ਸ਼ਿਲਾ ਲੇਖ ਤੋਂ ਪਤਾ ਚਲਦਾ ਹੈ ਕਿ ਵਿਜੈ ਨਗਰ ਦਾ ਹਰੀਹਰ ਦੂਸਰੇ ਦਾ ਸੈਨਾਪਤੀ ਇਰੁਗੱਪ ਜੈਨ ਸੀ। ਵਿਜੈ ਨਗਰ ਦੀ ਇਕ ਰਾਨੀ ਵੀ ਜੈਨ ਸੀ।

ਇਸ ਪ੍ਰਕਾਰ ਦੱਖਣ ਵਿਚ 14ਵੀਂ ਸਦੀ ਤਕ ਜੈਨ ਧਰਮ ਅਪਣਾ ਅਸਰ ਕਾਇਮ ਰਖਦਾ ਰਿਹਾ। ਦੱਖਣ ਵਿਚ ਮੁਗਲਾ ਦਾ ਅਸਰ ਵੀ ਘੱਟ ਰਿਹਾ। ਰਾਮਨੁਜ, ਮੰਡਨ (ਮਿਸ਼ਰ, ਸੰਕਰਾ ਆਚਾਰਿਆ, ਤੋਂ) ਪੁਸ਼ਯਮਿੱਤਰ ਤੋਂ ਛੁਟ ਕਿਸੇ ਨੇ ਵੀ ਜੈਨ ਧਰਮ ਨੂੰ ਇਨ੍ਹਾਂ ਨੁਕਸਾਂਨ ਨਹੀਂ ਪਹੁੰਚਾਇਆ। ਇਹੋ ਕਾਰਣ ਹਨ ਕਿ ਅੱਜ ਜੈਨ ਘਟ ਗਿਣਤੀ ਹਨ। ਉਨ੍ਹਾਂ ਦੀ ਪਹਿਚਾਨ ਖਤਮ ਹੋ ਰਹੀ ਹੈ।

## ਵਿਦੇਸ਼ਾ ਵਿਚ ਜੈਨ ਧਰਮ

ਪੁਰਾਤਨ ਸਮੇਂ ਤੋਂ ਹੀ ਜੈਨ ਧਰਮ ਕਿਸੇ ਨਾ ਕਿਸੇ ਰੂਪ ਵਿਚ ਫੈਲ ਰਿਹਾ ਹੈ ਇਸ ਗੱਲ ਦਾ ਵਿਸਥਾਰ ਨਾਲ ਵਰਨਣ ਅਸੀਂ **ਪੁਰਾਤਨ ਪੰਜਾਬ ਵਿਚ ਜੈਨ ਧਰਮ** ਨਾਮਕ ਪੁਸਤਕ ਵਿਚ ਕਰ ਚੁਕੇ ਹਾਂ ਫੇਰ ਵੀ ਸੰਖੇਪ ਵਿਚ ਅਸੀਂ ਜਿਕਰ ਕਰਦੇ ਹਾਂ ਹਰ ਤੀਰਥੰਕਰ ਦੇ ਸਮੇਂ ਸਾਧੂ ਕਠੋਰ ਕਸ਼ਟ ਸਹਿ ਕੇ ਵੀ ਵਿਦੇਸ਼ ਗਏ ਹਨ। ਅੱਜ ਸੰਸਾਰ ਵਿਚ ਜਿਥੇ ਵੀ ਸ਼ਾਕਾਹਾਰੀ ਦੀ ਗੱਲ ਹੈ ਉਥੇ ਜੈਨ ਧਰਮ ਦੇ ਅੰਸ਼ ਮੌਜੂਦ ਹਨ। ਭਾਵੇਂ ਜੈਨ ਧਰਮ ਸਿਲਸਿਲੇ ਵਾਰ ਕਿਸੇ ਦੇਸ਼ ਵਿਚ ਕਠੋਰ ਨਿਯਮਾਂ ਕਾਰਣ ਨਹੀਂ ਫੈਲ ਸਕਿਆ। ਪਰ ਵਿਦੇਸ਼ਾਂ ਵਿਚ, ਪ੍ਰਾਚੀਨ ਜੈਨ ਤੇ ਅਜੋਕੇ ਗ੍ਰੰਥਾਂ ਦੇ ਆਧਾਰ ਤੇ ਅਸੀਂ ਕੁਝ ਵਿਦੇਸ਼ਾਂ ਵਿਚ ਜੈਨ ਧਰਮ ਦੇ ਪ੍ਰਚਾਰ ਦਾ ਜਿਕਰ ਕਰਾਂਗੇ। ਭਾਵੇਂ ਪਹਿਲੇ ਤੀਰਥੰਕਰ ਰਿਸ਼ਵ ਦੇਵ ਦੇ ਪੁਤਰ ਭਰਤ ਨੇ ਸਾਰੇ ਸੰਸਾਰ ਨੂੰ ਜਿੱਤ ਕੇ ਜੈਨ ਧਰਮ ਦਾ ਪ੍ਰਚਾਰ ਕੀਤਾ ਸੀ।

ਭਗਵਾਨ ਮਹਾਵੀਰ ਸਮੇਂ ਈਰਾਨ ਦਾ ਸ਼ਹਿਜ਼ਾਦਾ ਆਦਰਕ ਮੁਨੀ ਬਨਣ ਲਈ ਆਪਣੇ 500 ਸਾਥੀਆਂ ਨਾਲ ਭਗਵਾਨ ਮਹਾਵੀਰ ਕੋਲ ਆਇਆ ਸੀ। ਜਿਥੋਂ ਪਤਾ ਲਗਦਾ ਹੈ ਕਿ ਭਗਵਾਨ ਮਹਾਵੀਰ ਤੋਂ ਪਹਿਲਾਂ ਭਗਵਾਨ ਪਾਰਸ਼ ਨਾਥ ਦੇ ਸਾਧੂ ਅਫਗਾ-ਨਿਸਤਾਨ, ਈਰਾਨ, ਈਰਾਕ, ਅਦਨ ਪਹੁੰਚ ਚੁਕੇ ਸਨ। ਉਨ੍ਹਾਂ ਦੇ ਪ੍ਰਚਾਰ ਤੋਂ ਪ੍ਰਭਾਵਿਤ ਹੋ ਕੇ ਹੀ ਆਦਰਕ ਭਾਰਤ ਆਇਆ ਹੋਵੇਗਾ।

ਗਿਆਤਾਧਰਮ ਕਥਾਂਗ ਸੂਤਰ ਤੋਂ ਪਤਾ ਲਗਦਾ ਹੈ ਕਿ ਅਨੇਕਾਂ ਜੈਨ ਵਿਉਪਾਰੀ ਸਮੁੰਦਰ ਦੇ ਰਸਤੇ ਜੈਨ ਧਰਮ ਨੂੰ ਵਿਦੇਸ਼ਾ ਵਿਚ ਲੈ ਕੇ ਗਏ। ਜੈਨ ਸ਼ਾਸਤਰਾਂ ਵਿਚ ਵੀ ਰੂਸ, ਤਿਬਤ, ਚੀਨ, ਬਰਮਾ, ਇੰਡੋਨੇਸ਼ੀਆ ਵਿਚ ਜੈਨ ਧਰਮ ਦਾ ਪ੍ਰਚਾਰ ਹੋਣ ਦਾ ਜ਼ਿਕਰ ਹੈ। ਬੁਧ ਗ੍ਰੰਥਾਂ ਵਿਚ ਵੀ ਸ੍ਰੀ ਲੰਕਾ ਵਿਚ ਜੈਨ ਧਰਮ ਹੋਣ ਦੀ ਸੂਚਨਾ ਹੈ।

ਭਗਵਾਨ ਮਹਾਂਵੀਰ ਤੋਂ ਬਾਅਦ ਦੇ ਪ੍ਰਸਿਧ ਮੋਰੀਆ ਰਾਜੇ ਚੰਦਰ ਗੁਪਤ ਸਮੇਂ ਜੈਨ ਰਾਜ ਧਰਮ ਬਣ ਚੁਕਿਆ ਸੀ। ਅਸ਼ੋਕ ਦੇ ਪੋਤੇ ਰਾਜਾ ਸਮਪ੍ਰਤਿ ਨੇ ਆਪਣੇ ਸਿਪਾਹੀਆਂ ਨੂੰ ਵਿਦੇਸ਼ਾ ਵਿਚ ਸਾਧੂਆਂ ਦੇ ਭੇਸ ਵਿਚ ਭੇਜ ਕੇ ਧਰਮ ਪ੍ਰਚਾਰ ਕੀਤਾ। ਕਲਿਗਾ ਦੇ ਰਾਜਾ

ਖ਼ਾਰਵੇਲ ਨੇ ਜੈਨ ਧਰਮ ਨੂੰ ਵਿਦੇਸ਼ਾਂ ਵਿਚ ਫੈਲਾਇਆ। ਮਥੁਰਾ ਦੇ ਜੈਨ ਸ਼ਿਲਾਲੇਖਾ ਤੋਂ ਪਤਾ ਲਗਦਾ ਹੈ ਕਿ ਸ਼ਕ, ਹੂਣ ਆਦਿ ਵਿਦੇਸ਼ੀ ਜਾਤੀਆਂ ਨੇ ਵੀ ਜੈਨ ਧਰਮ ਨੂੰ ਅਪ-ਣਾਇਆ ਹੈ।

## ਟਰਕੀ ਵਿਚ ਜੈਨ ਧਰਮ

ਇਸ ਸੰਬੰਧ ਵਿਚ ਡਾ: ਹਾਰਨਲੇ ਦੀ ਖੋਜ ਵਰਨਣ ਯੋਗ ਹੈ। ਉਨ੍ਹਾਂ ਇਥੋਂ ਕੁਝ ਪ੍ਰਾਕ੍ਰਿਤੀ ਗ੍ਰੰਥ ਜ਼ਮੀਨ ਵਿਚੋਂ ਲਭੇ ਸਨ। ਇਸਤਮਬੋਲ ਤੋਂ 570 ਕੋਹ ਦੂਰ ਤਾਰਾਤਮਬੋਲ ਕਸਬਾ ਵਿਕਰਮ ਦੀ 17 ਵੀਂ ਸਦੀ ਵਿਚ ਜੈਨ ਮੰਦਰਾਂ ਤੇ ਕੇਂਦਰਾਂ ਦਾ ਗੜ੍ਹ ਸੀ। ਇਹ ਸਮਾਂ ਸ਼ਾਹਜਹਾਂ ਦਾ ਸੀ। ਮੁਲਤਾਨ ਦੇ ਉਪਾਸਕ ਸੇਠ ਬੁਲਾਕੀ ਮੱਲ ਨੇ ਆਪਣੇ ਇਤਿਹਾਸਕ ਪੱਤਰ ਵਿਚ ਇਸ ਦਾ ਜ਼ਿਕਰ ਕੀਤਾ ਹੈ।ਇਹ ਪੱਤਰ ਅੱਜ ਸ੍ਰੀ ਬਲੱਭ ਸਮਾਰਕ ਦਿਲੀ ਵਿਚ ਵੇਖਿਆ ਜਾ ਸਕਦਾ ਹੈ। ਇਥੇ ਧਰਮ ਪ੍ਰਚਾਰ ਕਰਨ ਵਾਲੇ ਉਸ ਸਮੇਂ ਉਦੈ ਪ੍ਰਭਸੂਰੀ ਸਾਧੂ ਸਨ।

## ਲੰਕਾ ਵਿਚ ਜੈਨ ਧਰਮ

ਈਸਾ ਪੂਰਵ ਤੀਸਰੀ ਸ਼ਤਾਬਦੀ ਵਿਚ ਜੈਨ ਧਰਮ ਲੰਕਾ ਪਹੁੰਚ ਚੁਕਾ ਸੀ ਲੰਕਾ ਨੂੰ ਅਚਾਰੀਆ ਜਿਨ ਪ੍ਰਭਵ ਸੂਤਰ ਨੇ ਸ੍ਰੀ ਸ਼ਾਂਤੀ ਨਾਥ ਦਾ ਤੀਰਥ ਦਸਿਆ ਹੈ।

## ਭੂਟਾਨ, ਨੇਪਾਲ, ਤਿਬਤ

ਇਨ੍ਹਾਂ ਦੇਸ਼ਾਂ ਵਿਚ ਜੈਨ ਧਰਮ ਦੇ ਸਾਧੂ, ਸਾਧਵੀ ਘੁੰਮਦੇ ਰਹੇ ਸਨ। ਵਿਕਰਮੀ ਸੰਨ 1806 ਵਿਚ ਲਿਖੇ ਲਾਮਚੀਦਾਸ ਗੋਲਾਲਾਰ ਭੂਟਾਨ ਦੇ ਜੈਨ ਤੀਰਥਾਂ ਦੀ ਯਾਤਰਾ ਤੇ ਗਏ ਸਨ। ਇਹ ਪੱਤਰ ਤਿਜ਼ਾਰਾ ਜੈਨ ਸ਼ਾਸਤਰ ਭੰਡਾਰ ਵਿਚ ਸੁਰੱਖਿਅਤ ਹੈ। ਇਸ ਯਾਤਰੀ ਨੇ ਚੀਨ ਵਿਚ ਸਥਿਤ 8 ਪ੍ਰਕਾਰ ਦੇ ਜੈਨੀਆਂ ਦਾ ਵਰਨਣ ਕੀਤਾ ਹੈ। ਪੀਕਿੰਗ ਨੂੰ ਪੀਕੀਨ ਲਿਖਿਆ ਹੈ। ਇਹ ਯਾਤਰੀ ਤਿਬਤ ਦੇ ਯਾਰੂਲ ਨਗਰ ਵਿਚ ਵੀ ਗਿਆ।

ਨੇਪਾਲ ਵਿਚ ਜੈਨ ਧਰਮ ਦਾ ਪ੍ਰਚਾਰ ਅਚਾਰੀਆ ਭੱਦਰਵਾਹੂ, ਅਚਾਰੀਆ ਸਥੂਲੀ ਭੱਦਰ ਅਤੇ ਉਨ੍ਹਾਂ ਦੀਆਂ ਭੈਣਾਂ ਨੇ ਵੀ ਕੀਤਾ ਹੈ।

## ਸਵਰਨ ਭੂਮੀ (ਬਰਮਾ)

ਇਸ ਦੇਸ਼ ਵਿਚ ਕਾਲਕਾ ਅਚਾਰੀਆ ਨੇ ਈਰਾਨ, ਈਰਾਕ, ਬਰਮਾ, ਇੰਡੋਨੇਸ਼ੀਆ ਵਿਚ ਜੈਨ ਧਰਮ ਦਾ ਪ੍ਰਚਾਰ ਕੀਤਾ।

## ਆਸਟਰੇਲੀਆ

ਇਥੋਂ ਬੁਡਾਪੇਸ਼ਟ ਨਾਂ ਦੇ ਸ਼ਹਿਰ ਵਿਚ ਜ਼ਮੀਨ ਵਿਚੋਂ ਇਕ ਮਹਾਵੀਰ ਦੀ ਮੂਰਤੀ ਪ੍ਰਾਪਤ ਹੋਈ ਸੀ ਜੋ ਹੁਣ ਇਥੋਂ ਦੇ ਸਰਕਾਰੀ ਮਿਉਜਿਅਮ ਵਿਚ ਹੈ।

## ਸਮਰਕੰਦ

ਇਸ ਨੂੰ ਕਰੋਚ ਦੀਪ ਵੀ ਆਖਿਆ ਜਾਂਦਾ ਹੈ। ਇਥੇ ਪੁਰਾਣੇ ਸਮੇਂ ਵਿਚ

ਹਨ । ਇਥੇ ਮੂਰਤੀ ਪੂਜਕ ਸ਼ਵੇਤਾਂਵਰ ਫਿਰਕੇ ਦੇ ਹਜ਼ਾਰ ਮੰਦਿਰ ਹਨ ।

## ਗੁਜਰਾਤ ਅਤੇ ਮਹਾਂਰਾਸ਼ਟਰ ਦੇ ਤੀਰਥ ਸਥਾਨ

ਮੂਰਤੀ ਪੂਜਕ ਸ਼ਵੇਤਾਂਵਰ ਫਿਰਕੇ ਦੇ ਇਥੇ ਹਜ਼ਾਰਾਂ ਸਥਾਨ ਹਨ ਪਰ ਉਨ੍ਹਾਂ ਵਿਚੋਂ ਪ੍ਰਮੁਖ ਹਨ ਤਾਰੰਗਾ, ਗਿਰਨਾਰ, ਸ਼ਤਰੂਜ, ਮੇਹਸਾਨਾ, ਪਵਾਂਗੜ, ਮਾਂਗੀ ਤੁੰਗੀ, ਰਾਜ-ਪੰਥਾ, ਐਲੋਰਾ, ਕੁੰਥਲ ਤੇਗਰੀ, ਕਰਕਡੂ ਦੀ ਗੁਫਾ, ਬੀਜਾਪੁਰ, ਬਦਾਮੀ ਗੁਫਾ, ਬੇਲਗਾਂਵ, ਮੜੀਆ ।

## ਕਰਨਾਟਕ ਦੇ ਤੀਰਥ ਸਥਾਨ

ਇਥੇ ਦਿਗੰਵਰ ਫਿਰਕੇ ਦੇ ਹੀ ਜ਼ਿਆਦਾ ਮੰਦਰ ਹਨ । ਕਿਉਂਕਿ 12 ਵੀਂ ਸਦੀ ਤਕ ਇਥੋਂ ਦੇ ਰਾਜੇ, ਮੰਤਰੀ, ਰਾਣੀਆ, ਸੇਠਾ ਦਾ ਜੈਨ ਧਰਮ ਕੁਲ ਧਰਮ ਰਿਹਾ ਹੈ । ਕਰਨਾਟਕ ਦੀ ਕਲਾ, ਉੱਤਰ ਭਾਰਤ ਨਾਲੋਂ ਵਖ ਹੈ ਭਾਸ਼ਾ ਵਖ ਹੈ । ਦਰਅਸਲ ਸ਼ਵੇਤਾਂਵਰ ਦਿਗੰਵਰ 12 ਸਾਲ ਦੇ ਅਕਾਲ ਸਮੇਂ ਗੁਜਰਾਤ ਤੇ ਦੱਖਣ ਵਲ ਵਧੇ ।

ਰਾਜਿਸਥਾਨ, ਗੁਜਰਾਤ, ਉੱਤਰ ਪ੍ਰਦੇਸ਼, ਹਰਿਆਣਾ, ਕਾਬੁਲ ਤਕ ਸ਼ਵੇਤਾਂਵਰ ਫਿਰਕਾ ਫੈਲਿਆਂ ਅਤੇ ਦੱਖਣ ਵਿਚ ਦਿਗੰਵਰ ਫਿਰਕਾ । ਇਥੋਂ ਦੇ ਖ਼ੇਤੀ ਕਰਨ ਵਾਲੇ ਪੇਡੂ ਵੀ ਜੈਨ ਧਰਮੀ ਹਨ ਹੁਨਚਪਦਮਾਵਤੀ, ਵਰਾਂਗ, ਕਾਰਕਲ, ਮੁੜਵਿਦਰੀ, ਬੇਨੂਰ, ਬੇਲੂਰ ਹਲੇਵਿੜ, ਸ੍ਰਵਣ ਬੈਲਗੋਲਾ ।

ਦੱਖਣ ਭਾਰਤ ਵਿਚ ਸ਼ੈਵਾ ਨੇ ਬਹੁਤ ਸਾਰੇ ਜੈਨ ਮੰਦਰ ਢਾਹ ਦਿਤੇ ਜਾਂ ਉਨ੍ਹਾਂ ਦਾ ਰੂਪ ਅੰਦਰੋਂ ਬਦਲ ਦਿਤਾ ਹੈ । ਤਾਮਿਲਨਾਡੂ ਵਿਚ ਜੈਨ ਧਰਮ ਦੇ ਮੰਦਰ ਖੰਡਰ ਬਣ ਚੁਕੇ ਹਨ ਜਾਂ ਬਦਲੇ ਜਾ ਚੁੱਕੇ ਹਨ । ਇਹੋ ਹਾਲ ਕੇਰਲਾ ਵਿਚ ਹੋਇਆ ਹੈ । ਉੜੀਸਾ ਵਿਚ ਖੰਡ ਗਿਰੀ ਅਤੇ ਉਦੇ ਗਿਰੀ ਦੀਆਂ ਖਾਰਵੇਲ ਰਾਜੇ ਦੀਆਂ ਗੁਫਾਵਾਂ ਜੈਨ ਕਲਾ ਦਾ ਪ੍ਰਤੀਕ ਹਨ । ਜੋ 2300 ਸਾਲ ਪੁਰਾਣਾ ਇਤਿਹਾਸ ਹਨ ।

ਵਰਤਮਾਨ ਪੰਜਾਬ ਵਿਚ ਚਕਰਸ਼ੇਵਰੀ ਦੇਵੀ ਸਰਹਿੰਦ ਅਤੇ ਕਾਂਗੜਾ ਤੀਰਥ (ਹਿਮਾਚਲ) ਵਿਚ ਪੈਂਦੇ ਹਨ । ਪੁਰਾਤਤਵ ਪਖੋ, ਜੀਂਦ, ਝਜਰ, ਦਿੱਲੀ, ਹੁਸ਼ਿਆਰਪੁਰ, ਕੁਰੂਖੇਤਰ, ਰੋਹਤਕ ਅਤੇ ਪੰਜੋਰ ਦੇ ਨਾਂ ਵਰਣਨ ਯੋਗ ਹਨ ।

ਸਥਾਨਕ ਵਾਸੀ ਜੈਨ ਮੁਨੀ ਰੂਪ ਚੰਦ ਜੀ, ਅਚਾਰਿਆ ਰਤੀ ਰਾਮ ਦੇ ਸਮਾਰਕ ਜਗਰਾਉ ਤੇ ਮਾਲੇਰਕੋਟਲਾ ਵਿਖੇ ਹਨ । ਅੰਬਾਲਾ ਵਿਖੇ ਤਪਸੱਵੀ ਲਾਲ ਚੰਦ ਜੀਂ ਦੀ ਸਮਾਧ ਵਰਨਣ ਯੋਗ ਹੈ ।

ਤੀਰਥੰਕਰ ਸ੍ਰੀ ਸੁਮਤਿ ਨਾਥ ਦੇ ਚਰਨ ਸਨ।

## ਮੰਗੋਲੀਆ

ਬੰਬਈ ਸਮਾਚਾਰ (ਗੁਜਰਾਤੀ) 4-8-1934 ਅਨੁਸਾਰ ਮੰਗੋਲਿਆ ਵਿਚ ਜੈਨ ਮੂਰਤੀਆਂ ਦੇ ਕਾਫੀ ਅਵਸ਼ੇਸ ਪ੍ਰਾਪਤ ਹੋਏ ਹਨ।

## ਬੈਬੋਲੀਨ

ਬੈਬੋਲੀਨ ਦੇ ਇਕ ਰਾਜੇ ਨੈਬੂਚੰਦਰ ਨੇਂਝਾਰ ਨੇ ਰੇਵਤਗਿਰਿ (ਗੁਜਰਾਤ) ਵਿਖੇ ਨੇਮੀ ਨਾਥ ਤੀਰਥੰਕਰ ਦੇ ਮੰਦਰ ਦੀ ਮੁਰੰਮਤ ਕਰਵਾਈ ਸੀ। ਇਹ ਰਾਜਾ ਈ. ਪੂ. 604 ਵਿਚ ਗੱਦੀ ਤੇ ਬੈਠਾ ਸੀ। ਇਸ ਨੇ ਅਫਰੀਕਾ ਨੂੰ ਵੀ ਜਿਤਿਆ। ਇਸ ਦਾ ਸ਼ਿਲਾਲੇਖ ਤਾਮਰ ਪੱਤਰ ਦੇ ਰੂਪ ਵਿਚ ਪ੍ਰਭਾਸਪਾਟਨ ਤੋਂ ਮਿਲਿਆ ਹੈ।

## ਰੂਸ ਵਿਚ ਜੈਨ ਧਰਮ

ਜੈਨ ਵਿਉਪਾਰੀਆਂ ਰਾਹੀਂ ਜੈਨ ਧਰਮ ਰੂਸ ਦੇ ਤਾਸ਼ਕੰਦ ਅਤੇ ਸਮਰਕੰਦ ਦੇ ਇਲਾਕਿਆਂ ਤਕ ਪਹੁੰਚਿਆ। ਇਨ੍ਹਾਂ ਇਲਾਕਿਆਂ ਦੀ ਖੁਦਾਈ ਦੌਰਾਨ ਜੈਨ ਮੂਰਤੀਆਂ ਮਿਲੀਆਂ ਹਨ।

## ਵਰਤਮਾਨ ਕਾਲ

ਤਕਰੀਬਨ ਇਕ ਹਜ਼ਾਰ ਸਾਲ ਤੋਂ ਜੈਨ ਧਰਮ ਦਾ ਕਈ ਕਾਰਣ ਕਰਕੇ ਪ੍ਰਚਾਰ ਨਹੀਂ ਹੋ ਸਕਿਆ। ਪਰ ਇਸ 19ਵੀਂ ਸਦੀ ਵਿਚ ਇਸ ਸੰਬੰਧੀ ਕੋਸ਼ਿਸ਼ਾ ਸ਼ੁਰੂ ਹੋ ਗਈਆਂ ਸਭ ਤੋਂ ਪਹਿਲਾ ਸ੍ਰੀ ਵੀਰ ਚੰਦ ਜੀ ਰਾਘਬ ਚੰਦ ਜੀ, ਸਵਾਮੀ ਵਿਵੇਕਾਨੰਦ ਨਾਲ ਜੈਨ ਧਰਮ ਦੀ ਪ੍ਰਤੀਨਿਧਤਾ ਕਰਨ ਵਿਦੇਸ਼ਾ ਵਿਚ ਗਏ ਅਤੇ ਕਾਫੀ ਸਮਾਂ ਪ੍ਰਚਾਰ ਕਰਦੇ ਰਹੇ।

ਪਰ ਕਿਸੇ ਜੈਨ ਸਾਧੂ ਦਾ ਜੈਨ ਧਰਮ ਦਾ ਪ੍ਰਚਾਰ ਕਰਨ ਵਿਚ ਸਭ ਤੋਂ ਪਹਿਲਾਂ ਨਾਂ ਅਰਹਤ ਸੰਘ ਅਚਾਰੀਆ ਸੁਸ਼ੀਲ ਕੁਮਾਰ ਜੀ ਦਾ ਹੈ। ਅਰਹਤ ਸੰਘ ਵਿਦੇਸ਼ਾ ਵਿਚ ਜੈਨ ਧਰਮ ਦਾ ਪ੍ਰਚਾਰ ਫ਼ਿਰਕੇ ਤੋਂ ਉਠ ਕੇ ਕਰਦੀ ਹੈ। ਇਸ ਸੰਘ ਦੇ ਸਾਰੀ ਦੁਨੀਆਂ ਵਿਚ 58 ਆਸ਼ਰਮ, ਮੰਦਰ ਤੇ ਕੇਂਦਰ ਹਨ। ਇਸ ਸੰਘ ਦੇ ਸਾਧੂ ਸਾਧਵੀ ਸਵਾਰੀ ਦਾ ਇਸਤੇਮਾਲ ਕਰਦੇ ਹਨ ਜੋ ਕਿ ਪੁਰਾਤਨ ਯਤੀ ਪ੍ਰੰਪਰਾ ਦਾ ਰੂਪ ਹੀ ਹਨ। ਵਿਦੇਸ਼ਾਂ ਵਿਚ ਜੈਨ ਧਰਮ ਦਾ ਪ੍ਰਚਾਰ ਕਰਨ ਵਾਲਿਆ ਵਿਚ ਸ਼੍ਰੀ ਸ਼ੁਸੀਲ ਕੁਮਾਰ ਜੀ ਤੋਂ ਛੁਟ ਸ੍ਰੀ ਵਿਮਲ ਜੀ, ਸਾਧਵੀ ਸ੍ਰੀ ਚੰਦਨਾ, ਡਾ. ਸਾਧਵੀ ਸਾਧਨਾ, ਸ੍ਰੀ ਅਮਰੇਂਦਰ ਮੁਨੀ ਅਤੇ ਸ੍ਰੀ ਦਿਨੇਸ਼ ਮੁਨੀ ਦੇ ਨਾਂ ਪ੍ਰਸਿਧ ਹਨ।

# ਜੈਨ ਫਿਰਕੇ ਅਤੇ ਤਿਉਹਾਰ

ਵਰਤਮਾਨ ਜੈਨ ਧਰਮ ਦੋ ਪ੍ਰਮੁਖ ਫਿਰਕਿਆਂ ਵਿਚ ਵੰਡਿਆ ਹੋਇਆ ਹੈ ਜਿਨ੍ਹਾਂ ਦੇ ਨਾਂ ਹਨ ਸਵੇਤਾਂਵਰ ਅਤੇ ਦਿਗੰਵਰ।

## ਸ਼ਵੇਤਾਂਵਰ ਅਤੇ ਦਿਗੰਵਰ

ਸ਼ਵੇਤਾਂਵਰ ਤੋਂ ਭਾਵ ਹੈ ਸਫੈਦ ਕਪੜੇ ਪਹਿਨਣ ਵਾਲਿਆਂ ਦਾ ਫਿਰਕਾ। ਸ਼ਵੇਤਾਂਵਰ ਮਾਨਤਾ ਅਨੁਸਾਰ ਹਰ ਤੀਰਥੰਕਰ ਵੇਲੇ ਜਿਨ ਕਲਪੀ (ਵਸਤਰ ਰਹਿਤ) ਸਥਵਿਰਕਲਪੀ (ਵੱਸਤ ਸਹਿਤ) ਸਾਧੂ ਹੁੰਦੇ ਹਨ। ਸ਼ਵੇਤਾਂਵਰ ਪਰੰਪਰਾ ਦੀ ਗਵਾਹੀ ਮਥਰਾ ਦੇ ਸ਼ਿਲਾਲੇਖ ਵੀ ਕਰਦੇ ਹਨ। ਸ਼ਵੇਤਾਂਵਰ ਮਾਨਤਾ ਅਨੁਸਾਰ ਦਿਗੰਵਰ ਫਿਰਕੇ ਦਾ ਜਨਮ ਦਾਤਾ ਸ਼ਿਵਭੂਤੀ ਨਾਂ ਦਾ ਜੈਨ ਸਾਧੂ ਸੀ। ਉਸ ਨੇ ਮਹਾਂਵੀਰ ਸੰਮਤ 609 (ਵਿਕਰਮ ਸੰਮਤ 139) ਵਿਚ ਦਿਗੰਵਰ ਫਿਰਕੇ ਦੀ ਸਥਾਪਨਾ ਕੀਤੀ। ਉਸ ਨੇ ਤੀਰਥੰਕਰ ਦੇ ਜਿਨ ਕਲਪ ਨੂੰ ਅੰਗੀਕਾਰ ਕਰਦੇ ਜੈਨ ਮਾਨਤਾ ਅਨੁਸਾਰ ਨਵੇਂ ਗ੍ਰੰਥਾਂ ਦੀ ਰਚਨਾ ਕੀਤੀ। ਪਰ ਕਈ ਵਿਦਵਾਨ ਇਸ ਨੂੰ ਯਾਪਨੀਆ ਸੰਘ (ਸ਼ਵੇਤਾਂਵਰ ਤੇ ਦਿਗੰਵਰ ਦਾ ਸੁਮੇਲ ਫਿਰਕਾ) ਦਾ ਸੰਸਥਾਪਕ ਮੰਨਦੇ ਹਨ। ਦਿਗੰਵਰ ਫਿਰਕੇ ਵਾਲੇ ਸ਼ਵੇਤਾਂਵਰ ਫਿਰਕੇ ਨਾਲ ਕੁਝ ਮਤ ਭੇਦ ਹਨ।

(1) ਸ਼ਵੇਤਾਂਵਰ ਇਸਤਰੀ ਨੂੰ ਮੁਕਤੀ ਮੰਨਦੇ ਹਨ ਜਦ ਕਿ ਦਿਗੰਵਰ ਇਸਤਰੀ ਨੂੰ ਮੋਕਸ਼ ਸਿਰਫ ਇਸ ਕਰਕੇ ਨਹੀਂ ਮੰਨਦੇ ਕਿਉਂਕਿ ਉਹ ਨਗਨ ਸਾਧੂ ਨਹੀਂ ਬਣ ਸਕਦੀ। ਇਸੇ ਕਾਰਣ ਤੀਰਥੰਕਰ ਮਲੀ ਕੁਮਾਰੀ ਨੂੰ ਦਿਗੰਵਰ ਪੁਰਸ਼ ਮੰਨਦੇ ਹਨ।

(2) ਦਿਗੰਵਰ ਪੁਰਾਤਨ ਜੈਨ ਆਗਮ ਨੂੰ ਮਹਾਵੀਰ ਦੀ ਅਸਲੀ ਬਾਣੀ ਨਹੀਂ ਮੰਨਦੇ ਸ਼ਵੇਤਾਂਵਰ ਇਸ ਨੂੰ ਮਹਾਵੀਰ ਦੀ ਬਕਾਇਆ ਬਾਣੀ ਮੰਨਦੇ ਹਨ।

(3) ਦਿਗੰਵਰ ਤੀਰਥੰਕਰ ਦੀ ਮਾਤਾ ਦੇ 16 ਸੁਪਨੇ ਮੰਨਦੇ ਹਨ ਅਤੇ ਸ਼ਵੇਤਾਂਵਰ 14 ਸੁਪਨੇ ਮੰਨਦੇ ਹਨ।

(4) ਸ਼ਵੇਤਾਂਵਰ ਗ੍ਰੰਥਾਂ ਵਿਚ ਮਹਾਵੀਰ ਸਮੇਤ ਸਾਰੇ ਤੀਰਥੰਕਰਾਂ ਦਾ ਪੁਰਾਤਨ ਤੇ ਇਤਿਹਾਸਕ ਵਰਨਣ ਹੈ ਜਦ ਕਿ ਦਿਗੰਵਰ ਗ੍ਰੰਥਾਂ ਵਿਚ ਜੈਨ ਦਰਸ਼ਨ ਦੀ ਭਰਮਾਰ ਹੈ।

(5) ਸ਼ਵੇਤਾਂਵਰ ਤੀਰਥੰਕਰ ਮਹਾਵੀਰ, ਪਾਰਸ ਨਾਥ, ਵਾਸੂਪੂਜ ਨੂੰ ਸ਼ਾਦੀ ਸ਼ੁਦਾ ਬਣਦੇ ਹਨ ਅਤੇ ਮਲੀ ਨਾਥ, ਨੇਮੀ ਨਾਥ ਨੂੰ ਕੁਆਰਾ ਮੰਨਦੇ ਹਨ। ਦਿਗੰਵਰ ਗ੍ਰੰਥ ਵਿਚ

ਇਹ ਪੰਜ ਤੀਰਥੰਕਰ ਬ੍ਰਹਮਚਾਰੀ ਸਨ । ਸੋ ਦਿਗੰਵਰ ਗ੍ਰੰਥ ਮਹਾਵੀਰ ਦੇ ਪਰਿਵਾਰ ਬਾਰੇ ਖਾਮੋਸ਼ ਹਨ ।

(6) ਸਵਰਗ ਵਿਚ ਸਵੇਤਾਂਵਰ 64 ਇੰਦਰ ਅਤੇ ਦਿਗੰਵਰ 100 ਇੰਦਰ ਮੰਨਦੇ ਹਨ ।

ਇਹ ਸ਼ਵੇਤਾਂਵਰ ਦਿਗੰਵਰ ਫਿਰਕੇ ਦੇ ਬਾਹਰੀ ਭੇਦ ਹਨ ਸਿਧਾਂਤਿਕ ਰੂਪ ਵਿਚ ਦਾਰਸ਼ਨਿਕ ਰੂਪ ਵਿਚ ਦੋਹਾਂ ਫਿਰਕਿਆਂ ਵਿਚ ਕੋਈ ਖਾਸ ਅੰਤਰ ਨਹੀਂ ।

## ਸ਼ਵੇਤਾਂਵਰ ਫਿਰਕਾ

ਇਸ ਫਿਰਕੇ ਦੇ ਦੋ ਪ੍ਰਮੁਖ ਭੇਦ ਹਨ :

1) ਮੂਰਤੀ ਪੂਜਕ 2) ਅਮੂਰਤੀ ਪੂਜਕ

ਅਮੂਰਤੀ ਪੂਜਕ ਦੇ ਦੋ ਪ੍ਰਮੁਖ ਭੇਦ ਹਨ

1) ਸਥਾਨਕ ਵਾਸੀ 2) ਤੇਰਹ ਪੰਥੀ

ਮੂਰਤੀ ਪੂਜਕ ਫਿਰਕੇ ਦੇ ਸਾਧੂ ਹੱਥ ਵਿਚ ਮੁਹਪਟੀ ਰਖਦੇ ਹਨ ਜਦ ਕਿ ਅਮੂਰਤੀ ਪੂਜਕ ਫਿਰਕੇ ਦੇ ਸਾਧੂ ਮੂੰਹ ਤੇ ਹਰ ਸਮੇਂ ਮੂੰਹਪਟੀ ਬੰਨਦੇ ਹਨ । ਮੂਰਤੀ ਪੂਜਕ 45 ਆਗਮਾ ਨੂੰ ਮੰਨਦੇ ਹਨ ਜਦ ਕਿ ਅਮੂਰਤੀ ਪੂਜਕ 32 ਆਗਮਾ ਨੂੰ ਮੰਨਦੇ ਹਨ ।

## ਦਿਗੰਵਰ ਫਿਰਕਾ

ਦਿਗੰਵਰ ਸਾਧੂ ਦੀ ਦੀਖਿਆ ਦਾ ਕ੍ਰਮ ਇਸ ਪ੍ਰਕਾਰ ਹੈ :

ਪਹਿਲਾ ਬ੍ਰਹਮਚਾਰੀ ਸ਼ਰੇਣੀ ਹੈ ਜੋ ਸਫੇਦ ਵਸਤਰ ਪਹਿਨਦੇ ਹਨ । ਦੂਸਰੀ ਸ਼੍ਰੇਣੀ ਸ਼ੁਲਕ ਹੈ ਜੋ ਇਕ ਧੋਤੀ ਤੇ ਹੱਥ ਵਿਚ ਮੋਰ ਫੰਗ ਦੀ ਪਿੱਛੀ ਰਖਦੇ ਹਨ । ਇਸਤਰੀ ਸਾਧਵੀ ਸ਼ੁਲਕ ਤਕ ਪਹੁੰਚ ਸਕਦੀ ਹੈ । ਸ਼ੁਲਕ ਸਾਧੂ ਦੇ ਸਾਰੇ ਵਰਤ ਨਿਯਮ ਪਾਲਣ ਕਰਦੇ ਹਨ । ਸ਼ੁਲਕ ਤੋਂ ਬਾਅਦ ਏਲਕ ਦੀਖਿਆ ਹੈ ਭਾਵ ਇਹ ਸਾਧੂ ਇਕਲੀ ਲੰਗੋਟੀ ਪਹਿਨਦਾ ਹੈ । ਜੇ ਏਲਕ ਸਰੀਰ ਤੇ ਇੰਦਰੀਆ ਤੇ ਇਨ੍ਹਾਂ ਕਾਬੂ ਕਰ ਲਿਆ ਹੈ ਤਾਂ ਉਹ ਲੰਗੋਟੀ ਤਿਆਗ ਕੇ ਮੋਰ ਪਿਛੀ ਅਤੇ ਕਮੰਡਲ ਹੀ ਧਾਰਨ ਕਰਦਾ ਹੈ । ਦਿਗੰਵਰ ਸਾਧੂ ਦੀ ਕ੍ਰਿਆ, ਜੀਵਨ ਬਹੁਤ ਹੀ ਕਠਿਨ ਅਤੇ ਕਠੋਰ ਹੈ । ਦਿਗੰਵਰ ਫਿਰਕੇ ਵਿਚ ਵੀ ਮੂਰਤੀ ਵੀ ਮੂਰਤੀ ਪੂਜਕ ਅਤੇ ਅਮੂਰਤੀ ਫਿਰਕੇ ਹਨ । ਅਮੂਰਤੀ ਪੂਜਕ ਲੋਕਾਂ ਨੂੰ ਤਾਰਨ ਪੰਥੀ ਆਖਦੇ ਹਨ । ਇਹ ਲੋਕ ਗ੍ਰੰਥਾਂ ਦੀ ਪੂਜਾ ਕਰਦੇ ਹਨ ।

## ਪੂਜਾ ਅਤੇ ਭਟਾਰਕ

ਦੋਹਾਂ ਫਿਰਕਿਆਂ ਵਿਚ ਇਕ ਅਜੇਹੀ ਪਰੰਪਰਾ ਵੀ ਹੈ ਜੋ ਡੇਰੇ ਧਾਰੀ ਸਾਧੂਆਂ ਵਰਗੀ ਹੈ । ਇਹ ਡੇਰੇ ਧਾਰੀ ਸਾਧੂ ਬ੍ਰਹਮਚਰਜ ਵਰਤ ਦਾ ਪਾਲਣ ਕਰਦੇ ਹਨ ਪਰ ਨਾਲ ਜਾਇਦਾਦ ਰਖਦੇ ਹਨ । ਇਨ੍ਹਾਂ ਸਾਧੂਆਂ ਨੂੰ ਯਤੀ ਜਾਂ ਪੂਜ ਸ਼ਵੇਤਾਂਵਰ ਫਿਰਕੇ ਵਿਚ ਆਖਦੇ ਹਨ ਅਤੇ ਦਿਗੰਵਰ ਫ਼ਿਰਕੇ ਵਿਚ ਇਹ ਭਟਾਰੱਕ ਅਖਵਾਉਂਦੇ ਹਨ । ਇਹ ਭਗਵੇਂ ਵਸਤਰ ਅਤੇ ਮੋਰ ਪਿਛੀ ਧਾਰਨ ਕਰਦੇ ਹਨ । ਮਧਕਾਲ ਖਾਸ ਤੌਰ ਤੇ ਮੁਸਲਿਮ ਕਾਲ

ਸਮੇਂ ਜੈਨ ਧਰਮ ਦੀ ਕਲਾ, ਸੰਸਕ੍ਰਿਤੀ ਸਾਹਿਤ ਦੀ ਇਸ ਫਿਰਕੇ ਨੇ ਬਹੁਤ ਸੇਵਾ ਕੀਤੀ ਹੈ। ਸਿਟੇ ਵਝੋਂ ਕਈ ਰਾਜਿਆਂ ਨੇ ਇਨਾਂ ਭਟਾਰਕਾਂ, ਪੂਜਾ ਨੂੰ ਜਾਗੀਰਾਂ ਲਗਾ ਦਿਤੀਆਂ

## ਤਿਉਹਾਰ

ਜੈਨ ਧਰਮ ਵਿਸ਼ੁਧ ਆਤਮਾ ਸਾਧਨਾ ਦਾ ਧਰਮ ਹੈ। ਸੋ ਜੈਨ ਧਰਮ ਦੇ ਤਿਉਹਾਰ ਵਿਚ ਤਪ, ਤਿਆਗ, ਬ੍ਰਹਮਚਰਜ, ਧਿਆਨ, ਸਾਧਨਾ ਅਤੇ ਵਰਤ ਦਾ ਯੋਗ ਦਾਨ ਹੁੰਦਾ ਹੈ। ਇਹ ਤਿਉਹਾਰ ਇਸ ਪ੍ਰਕਾਰ ਹਨ :

### ਪੰਜ ਕਲਿਆਨਕ

ਹਰ ਤੀਰਥੰਕਰ ਦਾ ਚਯਵਨ (ਗਰਭ ਆਉਣ), ਜਨਮ, ਦੀਖਿਆ, ਕੇਵਲ ਗਿਆਨ ਅਤੇ ਮੋਕਸ਼ ਦਾ ਦਿਨ ਤਿਉਹਾਰ ਹੈ। ਵਰਤਮਾਨ ਕਾਲ ਵਿਚ 24 ਤੀਰਥੰਕਰਾ ਦੇ 120 ਤਿਉਹਾਰ ਹਨ ਇਨ੍ਹਾਂ ਤੀਰਥੰਕਰਾ ਦੀ ਯਾਦ ਵਿਚ ਪੂਜਾ, ਰੱਥ ਯਾਤਰਾ, ਭਗਤੀ, ਭਾਸ਼ਨਾਂ ਦੇ ਪ੍ਰੋਗਰਾਮ ਸਾਧੂ, ਸਾਧਵੀਆਂ ਵਲੋਂ ਮਨਾਏ ਹਨ !

### ਮਹਾਵੀਰ ਜੈਂਯਤੀ

ਆਖਰੀ ਤੀਰਥੰਕਰ ਭਗਵਾਨ ਮਹਾਵੀਰ ਦਾ ਜਨਮ ਦਿਨ ਅੰਤਰਰਾਸ਼ਟਰੀ ਪੱਧਰ ਤੇ ਅਹਿੰਸਾ ਦਿਵਸ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਸਰਕਾਰੀ ਛੁੱਟੀ ਤੋਂ ਇਲਾਵਾ ਇਸ ਦਿਨ ਬੁਚੜ ਖਾਨੇ ਬੰਦ ਰਹਿੰਦੇ ਹਨ।

### ਦੀਵਾਲੀ

ਦੀਵਾਲੀ ਦਾ ਤਿਉਹਾਰ ਜੈਨ ਧਰਮ ਵਿਚ ਮਹਾਵੀਰ ਨਿਰਵਾਨ ਉਤਸਵ ਵਲੋਂ ਮਨਾਇਆ ਜਾਂਦਾ ਹੈ। ਦੀਵਾਲੀ ਬਾਰੇ ਜੈਨ ਕਲਪ ਸੂਤਰ ਵਿਚ ਵਿਸਥਾਰ ਨਾਲ ਵਰਨਣ ਮਿਲਦਾ ਹੈ। ਭਾਈ ਦੂਜ ਵੀ ਜੈਨ ਧਰਮ ਵਿਚ ਭਗਵਾਨ ਮਹਾਵੀਰ ਦੀ ਯਾਦ ਵਿਚ ਮਨਾ-ਇਆ ਜਾਂਦਾ ਹੈ।

### ਮਹਾਪਰਵ ਪ੍ਰਯੂਸ਼ਨ– ਸਵਤੰਸਰੀ

ਇਹ ਆਤਮ ਸ਼ੁਧੀ ਦਾ ਤਿਉਹਾਰ ਹੈ ਇਹ ਤਿਉਹਾਰ ਖਿਮਾ ਦਿਵਸ ਦੇ ਰੂਪ ਵਿਚ ਜੈਨ ਜਗਤ ਵਿਚ ਭਾਦੋ ਦੀ ਪੰਚਮੀ ਨੂੰ ਮਨਾਇਆ ਜਾਂਦਾ ਹੈ। ਇਸ ਦਿਨ ਸਾਲ ਦੀਆਂ ਭੁਲਾਂ ਦੇਵ, ਗੁਰ, ਅਤੇ ਧਰਮ ਦੀ ਸਾਖੀ ਨਾਲ ਬਖਸ਼ਾਈਆਂ ਜਾਂਦੀਆ ਹਨ। ਖਿਮਾ ਕੀਤੀ ਜਾਂਦੀ ਹੈ ਖਿਮਾ ਦਿਤੀ ਜਾਂਦੀ ਹੈ। ਤੱਪ, ਦਾਨ, ਸ਼ਾਸ਼ਤਰ ਪਾਠ, ਪੂਜਾ, ਭਗਤੀ ਦਾ ਪ੍ਰੋਗਰਾਮ ਚਲਦਾ ਹੈ। ਸ਼ਵੇਤਾਂਵਰਾ ਵਿਚ 8 ਦਿਨ ਮਨਾਉਂਦੇ ਹਨ ਜਿਸ ਵਿਚ ਅਚਾਰੰਗ ਸੂਤਰ (ਤੇਰਾ ਪੰਥੀ) ਅੰਤਵਿਤ ਦਸ਼ਾਗ ਅਤੇ ਕਲਪ ਸੂਤਰ (ਸਥਾਨਕ ਵਾਸੀ ਅਤੇ ਮੂਰਤੀ ਪੂਜਨ) ਪੜਦੇ ਹਨ। ਧਰਮ ਸਥਾਨ ਤੇ ਖੂਬ ਠਾਠ ਲਗਾ ਰਹਿੰਦਾ ਹੈ। ਦਿਗ਼ੰਵਰ ਇਹ ਤਿਉਹਾਰ 10 ਦਿਨ ਮਨਾਉਂਦੇ ਹਨ।

ਇਸ ਤੋਂ ਛੁਟ ਜੈਨ ਮੂਰਤੀ ਪੂਜਕ ਤੀਰਥੰਕਰਾ ਦੇ ਜਨਮ ਅਤੇ ਨਿਰਵਾਨ ਸਥਾਨਾਂ ਦੇ ਦਰਸ਼ਨ ਪੂਜਨ ਲਈ ਜਾਂਦੇ ਰਹਿੰਦੇ ਹਨ। ਸਿੱਧ ਚੱਕਰ ਪੂਜਾ, ਰਿਸ਼ੀ ਮੰਡਲ,

ਪੂਜਾ, ਅਸ਼ਟ ਪ੍ਰਕਾਰੀ ਪੂਜਾ ਮੰਦਰ ਵਿਚ ਕੀਤੀ ਜਾਂਦੀ ਹੈ। ਪੂਜਾ ਦੋ ਪ੍ਰਕਾਰ ਦੀ ਹੈ ਇਕ ਦਰਵ ਪੂਜਾ (ਮੂਰਤੀ ਅੱਗੇ ਖ਼ਾਣ ਪੀਣ ਦੀਆਂ ਵਸਤਾਂ ਚੜ੍ਹਾ, ਵਾਲੀ ਪੂਜਾ) ਅਤੇ ਦੂਸਰੀ ਭਾਵ ਪੂਜਾ (ਤੀਰਥੰਕਰਾਂ ਦੇ ਗੁਣ ਗਾਣ ਕਰਨਾ) ਗ੍ਰਹਿਸਥ ਦੋ ਪ੍ਰਕਾਰ ਦੀ ਪੂਜਾ ਕਰਦੇ ਹਨ। ਸਾਧੂ ਇੱਕਲੀ ਭਾਵ ਪੂਜਾ ਕਰਦਾ ਹੈ।

## ਰਖਿਆ ਬੰਧਨ

ਜੈਨ ਧਰਮ ਵਿਚ ਰਖਿਆ ਬੰਧਨ ਦਾ ਬਹੁਤ ਮਹਤਵ ਹੈ। ਆਖਦੇ ਹਨ ਇਸ ਤਿਉਹਾਰ ਵਾਲੇ ਦਿਨ ਮੁਨੀ ਵਿਸ਼ਨ ਕੁਮਾਰ ਨੇ ਹਸਤਿਨਪੁਰ ਵਿਖੇ, ਬਲੀ ਰਾਜ਼ੇ ਤੋਂ 700 ਮੁਨੀਆਂ ਨੂੰ ਆਪਣੀ ਸ਼ਕਤੀ ਨਾਲ ਬਚਾਇਆ ਸੀ। ਕਿਉਂਕਿ ਬਲੀ ਰਾਜਾ ਜੈਨ ਧਰਮ ਦਾ ਵਿਰੋਧੀ ਸੀ। ਸੋ ਧਰਮ ਦੀ ਰਖਿਆ ਦਾ ਪ੍ਰਤੀਕ ਇਹ ਰਖਿਆ-ਬੰਧਨ ਪਰਵ ਹੈ।

## ਪ੍ਰਸਿਧ ਤੀਰਥ ਖੇਤਰ (ਸ਼ਵੇਤਾਂਵਰ ਅਤੇ ਦਿਗੰਵਰ)

ਜਿਥੇ ਜਿਥੇ ਤੀਰਥੰਕਰਾਂ ਦੇ ਜਨਮ, ਪ੍ਰਚਾਰ ਅਤੇ ਸਿਰਵਾਨ ਸੰਬੰਧੀ ਇਤਹਾਸਕ ਘਟਨਾ ਹੋਈਆ ਹਨ ਉਹ ਹੀ ਤੀਰਥ ਅਖਵਾਉਦੇ ਹਨ ਕੁਝ ਕਲਾਂ ਪੱਖੋਂ ਮਹੱਤਵ ਹਨ।

(1) ਕੈਲਾਸ਼ (2) ਚੰਪਾ (3) ਪਾਵਾ (4) ਗਿਰਨਾਰ (5) ਸ਼ਤਰੂਜੈ (ਪਾਲੀ-ਤਾਨਾ) ਅਤੇ (6) ਸਮੇਤ ਸਿਖਰ (7) ਹਸਤਾਨਪੁਰ (8) ਅਯੋਧਿਆ (9) ਵਾਰਾਣਸੀ (10) ਸਾਰ ਨਾਥ (11) ਚੰਦਰਪੁਰੀ (12) ਮਿਥਲਾ।

## ਬਿਹਾਰ ਦੇ ਤੀਰਥ ਸਥਾਨ

ਸ਼ਮੇਤ ਸਿਖਰ, ਕਲੂਆ ਪਹਾੜ, ਗੁਨਾਵਾ, ਪਾਵਾਪੁਰੀ, ਰਾਜਗ੍ਰਹਿ, ਕੁੰਡਲਪੁਰ, ਮੰਦਾਰਗਿਰੀ, ਲਛਵਾੜਖਤਰੀ ਕੁੰਡਗ੍ਰਾਮ, ਵੈਸਾਲੀ।

## ਉਤਰ ਪ੍ਰਦੇਸ਼

ਵਾਰਾਣਸੀ, ਸਿੰਘਪੁਰੀ, ਚੰਦਰ ਪੁਰੀ, ਪ੍ਰਯਾਗ, ਫ਼ਫੋਸਾ, ਕੋਸਾਬੀ, ਅਯੋਧਿਆ, ਖਖੁਦੂ, ਸ੍ਰਾਵਮਤੀ (ਮਹੇਟ-ਮਹੇਟ) ਰਤਨਪੁਰੀ, ਕੰਪਿਲਪੁਰ, ਅਹਿਛਤਰ, ਹਸਤਨਪੁਰ, ਮਥੁਰਾ, ਸੋਰਪੁਰ।

## ਮੱਧ ਪ੍ਰਦੇਸ਼ ਦੇ ਤੀਰਥ ਸਥਾਨ

ਗਵਾਲੀਅਰ, ਸੋਨਾਗਿਰੀ, ਅਜੇਗੜ੍ਹ, ਖੁਜਰਾਹੋ, ਦਰੋਣ ਗਿਰਿ, ਨੈਨਾਗਿਰੀ, ਕੁੰਡਲਪੁਰ, ਦੇਵਗੜ, ਪਪਹੋਰਾ, ਅਹਾਰ, ਚੰਦੇਰੀ, ਪੰਚਰਾਣੀ, ਬੁਬਨੋਜੀ, ਅੰਤਰਿਕਸ਼ ਪਾਰਸ਼ ਨਾਥ, ਕਾਰੰਜਾ, ਮੁਕਤਾਗਿਰੀ, ਭੂਤੁਕਲੀ, ਰਾਮਟੇਕ।

## ਰਾਜਸਥਾਨ ਦੇ ਤੀਰਥ ਸਥਾਨ

ਸ੍ਰੀ ਮਹਾਵੀਰ ਜੀ, ਚਾਂਦਖੇੜੀ, ਮਕਸ਼ੀ ਪਾਰਸ ਨਾਥ, ਵਿਜੋਲੀਆ ਪਾਰਸ ਨਾਥ ਸ੍ਰੀ ਕੇਸਰੀਆ ਜੀ, ਆਬੂ ਪਹਾੜ, ਰਾਣਕਪੁਰ, ਸਿਧਵਰਕੂਟ, ਬੜਵਾਨੀ, ਕੀਰਤੀ ਸਤੰਵ, ਜੈਸਲਮੇਰ। ਰਾਜਿਸਥਾਨ ਦੇ ਹਰ ਪਿੰਡ ਸ਼ਹਿਰ ਵਿਚ ਪੁਰਾਤਨ ਜੈਨ ਮੰਦਰ ਵੇਖੇ ਜਾ ਸਕਦੇ

ਹਨ। ਇਥੇ ਮੂਰਤੀ ਪੂਜਕ ਸ਼ਵੇਤਾਂਵਰ ਫਿਰਕੇ ਦੇ ਹਜ਼ਾਰ ਮੰਦਿਰ ਹਨ।

## ਗੁਜਰਾਤ ਅਤੇ ਮਹਾਂਰਾਸ਼ਟਰ ਦੇ ਤੀਰਥ ਸਥਾਨ

ਮੂਰਤੀ ਪੂਜਕ ਸ਼ਵੇਤਾਂਵਰ ਫਿਰਕੇ ਦੇ ਇਥੇ ਹਜ਼ਾਰਾਂ ਸਥਾਨ ਹਨ ਪਰ ਉਨ੍ਹਾਂ ਵਿਚੋਂ ਪ੍ਰਮੁਖ ਹਨ ਤਾਰੰਗਾ, ਗਿਰਨਾਰ, ਸ਼ਤਰੂਜ, ਮੇਹਸਾਨਾ, ਪਵਾਂਗੜ, ਮਾਂਗੀ ਤੁੰਗੀ, ਰਾਜ-ਪੰਥਾ, ਐਲੋਰਾ, ਕੁੰਥਲ ਤੇਗਰੀ, ਕਰਕੜੂ ਦੀ ਗੁਫਾ, ਬੀਜਾਪੁਰ, ਬਦਾਮੀ ਗੁਫਾ, ਬੇਲਗਾਂਵ, ਮੜੀਆ।

## ਕਰਨਾਟਕ ਦੇ ਤੀਰਥ ਸਥਾਨ

ਇਥੇ ਦਿਗੰਵਰ ਫਿਰਕੇ ਦੇ ਹੀ ਜ਼ਿਆਦਾ ਮੰਦਰ ਹਨ। ਕਿਉਂਕਿ 12 ਵੀਂ ਸਦੀ ਤਕ ਇਥੋਂ ਦੇ ਰਾਜੇ, ਮੰਤਰੀ, ਰਾਣੀਆ, ਸੇਠਾ ਦਾ ਜੈਨ ਧਰਮ ਕੁਲ ਧਰਮ ਰਿਹਾ ਹੈ। ਕਰਨਾਟਕ ਦੀ ਕਲਾ, ਉੱਤਰ ਭਾਰਤ ਨਾਲੋਂ ਵਖ ਹੈ ਭਾਸ਼ਾ ਵਖ ਹੈ। ਦਰਅਸਲ ਸ਼ਵੇਤਾਂਵਰ ਦਿਗੰਵਰ 12 ਸਾਲ ਦੇ ਅਕਾਲ ਸਮੇਂ ਗੁਜਰਾਤ ਤੇ ਦੱਖਣ ਵਲ ਵਧੇ।

ਰਾਜਿਸਥਾਨ, ਗੁਜਰਾਤ, ਉੱਤਰ ਪ੍ਰਦੇਸ਼, ਹਰਿਆਣਾ, ਕਾਬੁਲ ਤਕ ਸ਼ਵੇਤਾਂਵਰ ਫਿਰਕਾ ਫੈਲਿਆਂ ਅਤੇ ਦੱਖਣ ਵਿਚ ਦਿਗੰਵਰ ਫਿਰਕਾ। ਇਥੋਂ ਦੇ ਖ਼ੇਤੀ ਕਰਨ ਵਾਲੇ ਪੇਡੂ ਵੀ ਜੈਨ ਧਰਮੀ ਹਨ ਹੁਨਚਪਦਮਾਵਤੀ, ਵਰਾਂਗ, ਕਾਰਕਲ, ਮੁੜਵਿਦਰੀ, ਬੇਨੂਰ, ਬੇਲੂਰ ਹਲੇਵਿੜ, ਸ੍ਰਵਣ ਬੈਲਗੋਲਾ।

ਦੱਖਣ ਭਾਰਤ ਵਿਚ ਸ਼ੈਵਾ ਨੇ ਬਹੁਤ ਸਾਰੇ ਜੈਨ ਮੰਦਰ ਢਾਹ ਦਿਤੇ ਜਾਂ ਉਨ੍ਹਾਂ ਦਾ ਰੂਪ ਅੰਦਰੋਂ ਬਦਲ ਦਿਤਾ ਹੈ। ਤਾਮਿਲਨਾਡੂ ਵਿਚ ਜੈਨ ਧਰਮ ਦੇ ਮੰਦਰ ਖੰਡਰ ਬਣ ਚੁਕੇ ਹਨ ਜਾਂ ਬਦਲੇ ਜਾ ਚੁੱਕੇ ਹਨ। ਇਹੋ ਹਾਲ ਕੇਰਲਾ ਵਿਚ ਹੋਇਆ ਹੈ। ਉੜੀਸਾ ਵਿਚ ਖੰਡ ਗਿਰੀ ਅਤੇ ਉਦੇ ਗਿਰੀ ਦੀਆਂ ਖਾਰਵੇਲ ਰਾਜੇ ਦੀਆਂ ਗੁਫਾਵਾਂ ਜੈਨ ਕਲਾ ਦਾ ਪ੍ਰਤੀਕ ਹਨ। ਜੋ 2300 ਸਾਲ ਪੁਰਾਣਾ ਇਤਿਹਾਸ ਹਨ।

ਵਰਤਮਾਨ ਪੰਜਾਬ ਵਿਚ ਚਰਰਸ਼ੇਵਰੀ ਦੇਵੀ ਸਰਹਿੰਦ ਅਤੇ ਕਾਂਗੜਾ ਤੀਰਥ (ਹਿਮਾਚਲ) ਵਿਚ ਪੈਂਦੇ ਹਨ। ਪੁਰਾਤਤਵ ਪਖੋ, ਜੀਂਦ, ਝਜਰ, ਦਿੱਲੀ, ਹੁਸ਼ਿਆਰਪੁਰ, ਕੁਰੂਖੇਤਰ, ਰੋਹਤਕ ਅਤੇ ਪੰਜੋਰ ਦੇ ਨਾਂ ਵਰਣਨ ਯੋਗ ਹਨ।

ਸਥਾਨਕ ਵਾਸੀ ਜੈਨ ਮੁਨੀ ਰੂਪ ਚੰਦ ਜੀ, ਅਚਾਰਿਆ ਰਤੀ ਰਾਮ ਦੇ ਸਮਾਰਕ ਜਗਰਾਉ ਤੇ ਮਾਲੇਰਕੋਟਲਾ ਵਿਖੇ ਹਨ। ਅੰਬਾਲਾ ਵਿਖੇ ਤਪਸੱਵੀ ਲਾਲ ਚੰਦ ਜੀਂਦੀ ਸਮਾਧ ਵਰਨਣ ਯੋਗ ਹੈ।

੮

# ਜੈਨ ਸਾਹਿਤ

ਅਨਾਦਿ ਕਾਲ ਤੋਂ ਇਹ ਆਤਮਾ ਜਨਮ-ਮਰਨ ਦੇ ਚੱਕਰ ਵਿਚ ਗੇੜੇ ਖਾ ਰਹੀ ਹੈ ਕਰਮਾਂ ਦੇ ਵਸ ਪਈ ਆਤਮਾ ਨੂੰ ਉਹ ਕਿਹੜੀ ਗਤੀ ਹੈ, ਜਿਸ ਵਿਚ ਜਨਮ ਲੈਣਾ ਨਹੀਂ ਪਿਆ ? ਪਰ ਕੁਝ ਆਤਮਾਵਾਂ ਜਨਮ-ਮਰਨ ਦਾ ਮੂਲ ਕਾਰਨ ਕਰਮਾਂ ਦਾ ਖਾਤਮਾ ਕਰਕੇ ਆਤਮਾ ਤੋਂ ਪ੍ਰਮਾਤਮਾ ਬਣ ਜਾਂਦੀਆਂ ਹਨ। ਇਹੋ ਸਿਧ ਜਾਂ ਮੁਕਤ ਅਵਸਥਾ ਹੈ। ਇਹੋ ਨਿਰਵਾਨ ਜਾਂ ਪ੍ਰਮਾਤਮ-ਪਦ ਹੈ। ਆਤਮਾ ਦਾ ਦੇਹ ਤੋਂ ਵਿਦੇਹ ਹੋਣਾ ਹੀ ਕਰਮਾਂ ਦਾ ਖਾਤਮਾ ਹੈ। ਅਜੇਹੀ ਸਥਿਤੀ ਨੂੰ ਪਹੁੰਚਣ ਵਾਲੀਆਂ ਜਿਉਂਦੇ ਮਨੁੱਖੀ ਸਰੀਰ ਵਿਚ ਅਰਹਤ ਸਵਰਗ, ਕੇਵਲੀ ਅਖਵਾਉਂਦੀਆਂ ਹਨ। ਪਰ ਕੁਝ ਆਤਮਾ ਪਿਛਲੇ ਜਨਮਾਂ ਦੇ ਸ਼ੁਭ ਕਰਮ ਸਦਕਾ ਤੀਰਥੰਕਰ (ਭਾਵ ਧਰਮ ਸੰਸਥਾਪਕ) ਅਖਵਾਉਂਦੀਆਂ ਹਨ। ਇਨ੍ਹਾਂ ਦੇ ਲੱਛਣ ਮਨੁੱਖਾਂ ਤੋਂ ਬਚਪਨ ਵਿਚ ਵਖ ਹੁੰਦੇ ਹਨ।

ਇਨ੍ਹਾਂ ਤੀਰਥੰਕਰਾਂ ਦੀ ਗਿਣਤੀ 24 ਹੈ। ਪਹਿਲੇ ਤੀਰਥੰਕਰ ਰਿਸ਼ਵਦੇਵ ਦਾ ਵਰਨਣ ਜੈਨ ਸਾਹਿਤ ਤੋਂ ਛੁੱਟ ਵੈਦਿਕ ਸਾਹਿਤ ਵਿਚ ਵੀ ਆਇਆ ਹੈ। ਆਖਰੀ ਤੀਰਥੰਕਰ ਸ਼੍ਰਮਣ ਭਗਵਾਨ ਵਰਧਮਾਨ ਮਹਾਵੀਰ ਸਨ ਅੱਜ ਤੋਂ 2588 ਸਾਲ ਪਹਿਲਾਂ ਉਨ੍ਹਾਂ ਧਰਮ ਉਪਦੇਸ਼ ਛੁਟ ਸਮਾਜ ਵਿਚ ਫੈਲੀਆਂ ਬੁਰਾਈਆਂ ਵਿਰੁਧ ਅਹਿੰਸਕ ਜੰਗ ਲੜੀ। ਸਿਟੇ ਵਜੋਂ ਪਸ਼ੂ ਬਲੀ, ਦਾਸ ਪ੍ਰਥਾ, ਜਾਤਪਾਤ ਖਤਮ ਹੋਈ। ਇਸਤਰੀ ਨੂੰ ਧਾਰਮਿਕ ਅਤੇ ਸਮਾਜਿਕ ਅਧਿਕਾਰ ਮਿਲੇ। ਉਨ੍ਹਾਂ ਨੇ ਹੋਰ ਤੀਰਥੰਕਰਾਂ ਵਾਂਗ ਹੀ ਸ੍ਰੀ ਸੰਘ (ਸਾਧੂ, ਸਾਧਵੀ, ਸ਼੍ਰਾਵਕ, ਸ਼੍ਰਾਵਿਕਾ) ਦੀ ਸਥਾਪਨਾ ਕੀਤੀ। ਉਨ੍ਹਾਂ ਦਾ ਉਪਦੇਸ਼ ਉਨਾਂ ਦੇ ਪ੍ਰਮੁਖ ਸ਼ਿਸ਼ ਸ੍ਰੀ ਸੁਧਰਮਾ ਸਵਾਮੀ ਅਤੇ ਜੰਬੂ ਸਵਾਮੀ ਨੇ ਸੰਭਾਲ ਕੇ ਰਖਿਆ।

ਹੁਣ ਅਸੀਂ ਇਸ ਲੰਬੇ ਆਗਮ ਇਤਿਹਾਸ ਦੀ ਚਰਚਾ ਕਰਾਂਗੇ।

ਜੈਨ ਸਾਹਿਤ ਦਾ ਪੁਰਾਤਨ ਰੂਪ ਚੌਦਾਂ ਪੂਰਵ ਮੰਨੇ ਜਾਂਦੇ ਹਨ। ਭਾਵੇਂ ਅੱਜ ਕੱਲ੍ਹ ਕੋਈ ਵੀ ਪੂਰਵ ਨਹੀਂ ਮਿਲਦਾ ਪਰ ਇਨ੍ਹਾਂ ਪੂਰਵਾਂ ਦੇ ਨਾਂ ਆਗਮ ਸਾਹਿਤ ਵਿਚ ਮਿਲਦੇ ਹਨ। ਨੰਦੀ ਸੂਤਰ ਵਿਚ ਇਨ੍ਹਾਂ ਪੂਰਵਾਂ ਦਾ ਵਿਸ਼ਾ ਤੇ ਸ਼ਲੋਕ ਸੰਖਿਆ ਦਾ ਵਰਨਣ ਵਿਸ-ਥਾਰ ਨਾਲ ਮਿਲਦਾ ਹੈ।

ਭਗਵਾਨ ਮਹਾਂਵੀਰ ਦੇ ਸਮੇਂ ਇਹ ਪੂਰਵ ਮੌਜੂਦ ਹਨ। ਪਰ ਮਹਾਂਵੀਰ ਨਿਰਵਾਨ ਸੰਮਤ 1000 ਦੇ ਕਰੀਬ ਪੂਰਵਾਂ ਦਾ ਗਿਆਨ ਬਿਲਕੁਲ ਖਤਮ ਹੋ ਗਿਆ।

ਇਨ੍ਹਾਂ ਪੂਰਵਾਂ ਦੇ ਆਧਾਰ ਤੇ ਹੀ ਅੰਗ, ਉਪਾਂਗ ਮੂਲ ਸੂਤਰ, ਛੇਦ ਸੂਤਰ ਅਤੇ

ਪ੍ਰਾਕਿਰਨਕਾਂ ਦੀ ਰਚਨਾ ਹੋਈ।

ਭਗਵਤੀ ਸੂਤਰ ਵਿਚ ਭਗਵਾਨ ਮਹਾਵੀਰ ਦੇ ਸਾਧੂਆਂ ਦਾ ਗਿਆਰ੍ਹਾਂ ਅੰਗ ਜਾਂ ਬਾਰ੍ਹਾਂ ਅੰਗ ਪੜ੍ਹਨ ਦਾ ਵਰਨਣ ਮਿਲਦਾ ਹੈ। ਜੈਨ ਪਰੰਪਰਾ ਵਿਚ ਸ਼ਰੁਤ ਸਾਹਿਤ ਦੀ ਪਰੰਪਰਾ ਮਿਲਦੀ ਹੈ। ਤੀਰਥੰਕਰ ਜੋ ਉਪਦੇਸ਼ ਦਿੰਦੇ ਹਨ ਉਨ੍ਹਾਂ ਦੇ ਗਿਆਨੀ ਸ਼ਿਸ਼ ਉਸ ਨੂੰ ਸੁਣ ਕੇ ਵਿਸ਼ਾਲ ਸਾਹਿਤ ਦੀ ਰਚਨਾ ਕਰਦੇ ਹਨ। ਜੈਨ ਆਗਮਾਂ ਦੀ ਭਾਸ਼ਾ ਅਰਧ-ਮਾਗਧੀ ਪ੍ਰਾਕ੍ਰਿਤ ਹੈ।

ਜੈਨ ਆਗਮ ਸਾਹਿਤ ਦੇ ਵਿਕਾਸ ਦੀ ਕਹਾਣੀ ਬਹੁਤ ਲੰਬੀ ਤੇ ਦਿਲਚਸਪ ਹੈ। ਜੈਨ ਪਰੰਪਰਾ ਅਨੁਸਾਰ ਜੈਨ ਆਗਮਾਂ ਦੇ ਕਦੇ ਵੀ ਖਾਤਮਾ ਨਹੀਂ ਹੁੰਦਾ, ਹਰ ਤੀਰਥੰਕਰ ਦੇ ਸ਼ਿਸ਼ ਆਗਮਾਂ ਦੀ ਰਚਨਾ ਕਰਦੇ ਹਨ।

ਭਗਵਾਨ ਰਿਸ਼ਵਦੇਵ ਸਮੇਂ 84000 ਪ੍ਰਕੀਰਨਕ ਗ੍ਰੰਥ ਸਨ। ਭਗਵਾਨ ਮਹਾਂਵੀਰ ਸਮੇਂ ਇਨ੍ਹਾਂ ਦੀ ਸੰਖਿਆ 14000 ਰਹਿ ਗਈ। ਪਰ ਦੇਵਾਰਧੀ ਕਸ਼ਮਾਂ ਸ਼ਮਾ ਸ਼ਰਮਣ ਸਮੇਂ ਇਹ ਸੰਖਿਆ 84 ਰਹਿ ਗਈ ਸੀ।

ਪਾਠਕਾਂ ਦੀ ਜਾਣਕਾਰੀ ਲਈ ਅਸੀਂ 14 ਪੂਰਵਾਂ ਦੇ ਨਾਂ ਤੇ ਸ਼ਲੋਕ ਸੰਖਿਆ ਦੱਸਦੇ ਹਾਂ।

| 14 ਪੂਰਵਾਂ ਦੇ ਨਾਂ | ਸ਼ਲੋਕ ਸੰਖਿਆ |
|---|---|
| 1) ਉਤਪਾਦ ਪੂਰਵ | 1 ਕਰੋੜ |
| 2) ਅਗਰਾਇਨੀਯ ਪੂਰਵ | 96 ਲੱਖ |
| 3) ਵੀਰਯ | 70 ਲੱਖ |
| 4) ਅਸਤੀ ਨਾਸਤੀ ਪ੍ਰਵਾਦ | 60 ਲੱਖ |
| 5) ਗਿਆਨ ਪ੍ਰਵਾਦ ਪੂਰਵ | 99 ਲੱਖ 99 ਹਜਾਰ 999 |
| 6) ਸਤਯ ਪ੍ਰਵਾਦ | 1 ਕਰੋੜ |
| 7) ਆਤਮ ਪ੍ਰਵਾਦ | 26 ਕਰੋੜ |
| 8) ਕਰਮ ਪ੍ਰਵਾਦ | 1 ਕਰੋੜ 80 ਹਜ਼ਾਰ |
| 9) ਪ੍ਰਤਿਆਖਿਆਨ ਪਦ | 84 ਲੱਖ |
| 10) ਵਿਦਿਆਨੁਵਾਦ | 1 ਕਰੋੜ 10 ਲੱਖ |
| 11) ਅਵੰਧਯ | 26 ਕਰੋੜ |
| 12) ਪ੍ਰਾਣਆਯੂ | 1 ਕਰੋੜ 56 ਲੱਖ |
| 13) ਕਿਰਿਆਵਿਸ਼ਾਲ | 9 ਕਰੋੜ |
| 14) ਲੋਕਬਿੰਦੂਸਾਰ | $12\frac{1}{2}$ ਕਰੋੜ |

ਉਪਰੋਕਤ ਪੂਰਵਾਂ ਦੀ ਸੂਚੀ ਵੇਖਣ ਤੇ ਪਤਾ ਲੱਗਦਾ ਹੈ ਕਿ ਇਹ ਸਾਹਿਤ ਭਗਵਾਨ

ਪਾਰਸ਼ਵ ਨਾਥ ਤੇ ਸ੍ਰੀ ਮਹਾਵੀਰ ਸਵਾਮੀ ਤੋਂ ਪਹਿਲਾਂ ਦੀਆਂ ਰਚਨਾ ਸਨ। ਇਨ੍ਹਾਂ ਵੀ ਭਾਸ਼ਾ ਵੀ ਸੰਸਕ੍ਰਿਤ ਲੱਗਦੀ ਹੈ।

ਭਗਵਾਨ ਮਹਾਂਵੀਰ ਦੇ ਉਪਦੇਸ਼ ਨੂੰ ਉਨ੍ਹਾਂ ਦੇ ਪ੍ਰਮੁਖ ਸ਼ਿਸ਼ ਸੁਧਰਮਾ ਸੁਆਮੀ ਨੇ ਇਕੱਠਾ ਕੀਤਾ। ਉਸ ਸਮੇਂ ਪੜ੍ਹਾਈ ਦਾ ਕੰਮ ਮੂੰਹ ਜ਼ਬਾਨੀ ਹੁੰਦਾ ਸੀ। ਗੁਰੂ ਸ਼ਿਸ਼ ਨੂੰ ਆਗਮ ਸੁਣਾ ਦਿੰਦਾ ਸੀ। ਇਹੋ ਸਿਲਸਿਲਾ ਕਈ ਸਦੀਆਂ ਤਕ ਚਲਦਾ ਰਿਹਾ। ਕਿਸੇ ਨੇ ਵੀ ਭਗਵਾਨ ਨਿਰਵਾਨ ਮਹਾਵੀਰ ਸੰਮਤ 1000 ਤਕ ਸੂਤਰਾਂ ਨੂੰ ਲਿਖਣਾ ਠੀਕ ਨਹੀਂ ਸਮਸਿਆ ਪਰ ਇਸ ਦਾ ਇਹ ਅਰਥ ਨਹੀਂ ਕਿ ਆਗਮਾਂ ਦੇ ਸੰਬੰਧੀ ਕੋਈ ਵਿਦਵਾਨਾਂ ਦਾ ਸੰਮੇਲਲ ਨਾ ਹੋਇਆ ਹੋਵੇ।

**ਪਹਿਲੀ ਵਾਚਨਾ**—ਜੈਨ ਇਤਿਹਾਸ ਵਿਚ ਜੈਨ ਆਗਮਾਂ ਦੇ ਸੰਪਾਦਨ ਦਾ ਕੰਮ ਭਿੰਨ ਭਿੰਨ ਸਮੇਂ ਪੰਜ ਕਾਨਫਰੰਸਾਂ ਵਿਚ ਹੁੰਦਾ ਰਿਹਾ। ਸਭ ਤੋਂ ਪਹਿਲੀ ਕਾਨਫਰੰਸ ਮਹਾ-ਵੀਰ ਨਿਰਵਾਨ ਸੰਮਤ ਦੀ ਦੂਸਰੀ ਸਦੀ (160 B. C.) ਵਿਚ ਹੋਈ। ਉਸ ਸਮੇਂ ਅਚਾਰਿਆ। ਭੱਦਰਵਾਹੁ ਸਵਾਮੀ ਨੇਪਾਲ ਵਿਚ ਸਨ। ਸਾਰੇ ਦੇਸ਼ ਵਿਚ ਅਕਾਲ ਪਿਆ ਹੋਇਆ ਸੀ। ਲੋਕ ਭੁੱਖ ਨਾਲ ਮਰ ਰਹੇ ਸਨ। ਸਾਧੂਆਂ ਨੂੰ ਵੀ ਭੋਜਨ ਮਿਲਨਾ ਬਹੁਤ ਮੁਸ਼ਕਲ ਹੋ ਗਿਆ ਸੀ। ਇਹ ਅਕਾਲ 12 ਸਾਲ ਰਿਹਾ। ਉਸ ਸਮੇਂ ਬਹੁਤ ਸਾਰੇ ਮਗਧ ਦੀ ਰਾਜਧਾਨੀ ਪਾਟਲੀ ਪੁੱਤਰ ਇਕੱਠੇ ਹੋਏ, ਉਨ੍ਹਾਂ ਨੇ 11 ਅੰਗਾਂ ਦਾ ਸੰਪਾਂਦਨ ਕੀਤਾ। 12ਵਾਂ ਦ੍ਰਿਸ਼ਟੀਵਾਦ ਅੰਗ ਸਭ ਭੁੱਲ ਚੁੱਕੇ ਸਨ। ਇਸ ਕੰਮ ਦੀ ਪੂਰਤੀ ਲਈ ਭੱਦਰਬਾਹੁ ਸਵਾਵੀ ਦੇ ਸ਼ਿਸ਼ ਸਥੂਲ ਭੱਦਰ ਨੇਪਾਲ ਬਾਰ੍ਹਵਾਂ ਅੰਗ ਸਿਖਣ ਗਏ, ਜੋ ਕਿ ਪੂਰਾ ਨਾ ਹੋ ਸਕਿਆ। ਕਿਉਂਕਿ ਮਹਾਵੀਰ ਸੰਮਤ 170 ਵਿਚ ਭੱਦਰਬਾਹੁ ਸਵਾਮੀ ਦਾ ਸਵਰਗਵਾਸ ਹੋ ਗਿਆ। ਇਸ ਸਭਾ ਵਿਚ ਜੇਹੜੇ ਭਿਕਸ਼ੂਆਂ ਦੇ ਜੋ ਕੁਝ ਵੀ ਯਾਦ ਸੀ ਉਹ ਇਕੱਠਾ ਕਰ ਲਿਆ ਗਿਆ ਪਰ ਬਹੁਤ ਸਾਰਾ ਆਗਮਾਂ ਦਾ ਗਿਆਨ ਭਿਕਸ਼ੂ ਭੁਲ ਚੁਕੇ ਸਨ। ਇਸ ਸਾਹਿਤ ਨੂੰ ਕਈ ਵਿਦਵਾਨ ਭਿਕਸ਼ੂਆਂ ਨੇ ਮਾਨਤਾ ਦੇਣ ਤੋਂ ਇਨਕਾਰ ਕਰ ਦਿਤਾ। ਇਸ ਦੇ ਵਜੋਂ ਜੈਨੀਆਂ ਦੇ ਦੋ ਪ੍ਰਮੁਖ ਸੰਪਰਦਾਏ ਸਵੇਤਾਂਬਰ ਤੇ ਦਿਗੰਬਰ ਸਾਹਮਣੇ ਆਏ।

**ਦੂਸਰੀ ਵਾਚਨਾ**—ਈਸਾ ਦੀ ਦੂਜੀ ਸ਼ਤਾਬਦੀ ਵਿਚ ਮਹਾਰਾਜ ਖਾਰਵੇਲ ਕਲਿੰਗ ਰਾਜ ਦਾ ਸਮਰਾਟ ਬਣਿਆ। ਉਹ ਇਕ ਜੈਨ ਸਮਰਾਟ ਸੀ। ਉਸ ਦੇ ਸਮੇਂ ਆਗਮਾਂ ਦਾ ਸੰਪਾਦਨ ਕਰਨ ਦੀ ਇਕ ਕੋਸ਼ਿਸ਼ ਕੀਤੀ ਗਈ ਜਿਸ ਦਾ ਖੰਡ-ਗਿਰੀ ਤੇ ਉਦੇ-ਗਿਰੀ ਦੀਆਂ ਗੁਫਾਵਾਂ ਵਿਚ ਖੁਦੇ ਸ਼ਿਲਾ-ਲੇਖਾਂ ਤੋਂ ਪਤਾ ਲਗਦਾ ਹੈ। ਪਰ ਜੈਨ ਇਤਿਹਾਸਕਾਰ ਨੇ ਇਸ ਦਾ ਕੋਈ ਵਰਨਣ ਨਹੀਂ ਕੀਤਾ।

**ਤੀਸਰੀ ਵਾਚਨਾ**—ਮਹਾਵੀਰ ਸੰਮਤ 827-840 ਦੇ ਕਰੀਬ ਜੈਨ ਸੰਘ ਮਥੁਰਾ ਵਿਖੇ ਇਕੱਠਾ ਹੋਇਆ। ਉਸ ਸਮੇਂ ਭਾਰੀ ਅਕਾਲ ਪਿਆ ਹੋਇਆ ਸੀ। ਗਿਆਨੀ ਸਾਧੂ ਮਰ ਚੁਕੇ ਸਨ। ਬਾਕੀ ਸਾਧੂ ਕਾਫੀ ਕੁਝ ਭੁਲ ਚੁਕੇ ਸਨ। ਅਚਾਰਿਆ ਸਕੰਦਲ ਦੀ

ਪ੍ਰਧਾਨਗੀ ਹੇਠ ਇਕ ਵਾਰ ਆਗਮਾਂ ਦਾ ਸੰਪਾਦਨ ਫੇਰ ਕੀਤਾ ਗਿਆ। ਇਸ ਨੂੰ ਮਾਥੁਰੀ ਵਾਚਨਾ ਆਖਦੇ ਹਨ।

**ਚੌਥੀ ਵਾਚਨਾ**—ਮਹਾਂਵੀਰ ਸੰਮਤ 837-840 ਸਮੇਂ ਹੀ ਵੱਲਭੀ (ਗੁਜਰਾਤ) ਵਿਖੇ ਅਚਾਰਿਆ ਨਾਗਾ ਅਰੁਜਨ ਦੀ ਪ੍ਰਧਾਨਗੀ ਹੇਠ ਇਕ ਵਾਚਨਾਂ ਫੇਰ ਕੀਤੀ ਗਈ। ਉਸ ਸਮੇਂ ਕਾਫੀ ਕੁਝ ਸਾਧੂ ਭੁੱਲ ਚੁਕੇ ਸਨ।

**ਪੰਜਵੀਂ ਵਾਚਨਾਂ**—980 ਜਾਂ 993 ਮਹਾਂਵੀਰ ਸੰਮਤ ਸਮੇਂ ਵੱਲਭੀ ਵਿਖੇ ਸ਼ਰਮਣ ਸੰਘ ਅਚਾਰਿਆ ਦੇਵਾਰਧੀਗਣੀ ਸ਼ਮਾ ਸ਼ਰਮਣ ਦੀ ਪ੍ਰਧਾਨਗੀ ਹੇਠ ਇਕੱਠ ਹੋਇਆ। ਸਾਰੇ ਆਗਮਾਂ ਨੂੰ ਤਾੜ ਪੱਧਰ ਤੇ ਲਿਖ ਕੇ ਸੁਰੱਖਿਅਤ ਕੀਤਾ ਗਿਆ। ਅੱਜ ਕੱਲ ਉਸੇ ਵਾਚਨਾਂ ਵਿਚ ਲਿਖੇ ਗਏ ਆਗਮ ਹੀ ਮਿਲਦੇ ਹਨ। ਇਸ ਤੋਂ ਬਾਅਦ ਕੋਈ ਅਜੇਹੀ ਸੰਗੀਤੀ ਨਹੀਂ ਹੋਈ।

ਉਸ ਸਮੇਂ ਤੋਂ ਲੈ ਕੇ ਹੁਣ ਤੱਕ ਅਨੇਕਾਂ ਅਚਾਰਿਆਂ ਨੇ ਸੰਸਕ੍ਰਿਤ, ਪ੍ਰਾਕ੍ਰਿਤ, ਅਪਭਰਸ਼, ਤਾਮਿਲ ਤੇਲਗੂ, ਕਨੜ, ਰਾਜਸਥਾਨੀ, ਗੁਜ਼ਰਾਤੀ ਤੇ ਹਿੰਦੀ ਵਿਚ ਆਗਮ ਤੇ ਅਨੇਕਾਂ ਟੀਕੇ, ਟੱਬਾ, ਨਿਉਕਤੀਆਂ, ਚੂਰਨੀਆ, ਭਾਸ਼ਯ ਤੇ ਅਵਚੂਰਨੀਆ ਭਾਰੀ ਸੰਖਿਆ ਵਿਚ ਲਿਖੇ ਗਏ। ਅੱਜ ਵੀ ਭਾਰਤ ਦੇ ਬੜੇ ਬੜੇ ਸ਼ਹਿਰਾਂ ਵਿਚ ਹਜ਼ਾਰਾਂ ਸਾਲ ਪਹਿਲਾਂ ਲਿਖੇ ਗ੍ਰੰਥਾਂ ਦੇ ਭੰਡਾਰ ਮਿਲਦੇ ਹਨ।

### ਸ਼ਵੇਤਾਂਵਰ ਜੈਨ ਪਰੰਪਰਾ ਅਨੁਸਾਰ ਆਗਮਾਂ ਦੀ ਵਰਗੀਕਰਨਾ[1]

ਸ੍ਰੀ ਨੰਦੀ ਸੂਤਰ ਅਨੁਸਾਰ ਆਗਮਾਂ ਦਾ ਵਰਗੀਕਰਨ ਇਸ ਪ੍ਰਕਾਰ ਹੈ :—

ਆਵਸ਼ਕ 6 ਹਨ

(1) ਸਮਾਇਕ (2) ਚਤੁਰਵਿਸ਼ਤਵ (3) ਬੰਦਨ (4) ਪ੍ਰਤਿਕ੍ਰਮਨ (5) ਕਯੋਤਸਰਗ (6) ਪ੍ਰਤਿਖਿਆਨ।

ਉਤਰਕਾਲਿਕ 29 ਹਨ

(1) ਦਸ਼ਵੈਕਾਲਿਕ (2) ਕਥ਼ਪਾਕਲਪ (3) ਚੁਲਕਕਲਪ (4) ਮਹਾਕਲਪ (5) ਔਪਪਾਤਿਕ (6) ਰਾਜਪ੍ਰਸਨੀਆ (7) ਜੀਵਾਮਿਗਮ (8) ਪ੍ਰਗਿਆਪਨਾ (9) ਮਹਾਪ੍ਰਗਿਆਪਨਾ (10) (11) ਨੰਦੀ (12) ਅਨੁਯੋਗਦਵਾਰ (13) ਦੇਵੇਂਦਰਸਤਵ (14)

---

[1] ਵਿਸ਼ੇ ਪੱਖੋਂ ਆਗਮਾਂ ਦਾ ਵਰਗੀਕਰਨ ਚਾਰ ਪ੍ਰਕਾਰ ਨਾਲ ਕੀਤਾ ਜਾਂਦਾ ਹੈ।

(1) ਚਰਣ-ਕਰਨਾਯੋਗ (ਕਾਲਿਕ ਸ਼ਰੁਤ) (2) ਧਰਮਾ ਨੂੰ ਯੋਗ (ਰਿਸੀ ਭਾਸ਼ਤਿ ਆਦਿ ਸੂਤਰ) (3) ਗਣਿਤਾਨੁਯੋਗ (ਸੂਰਜ ਪਰਿਆਗਪਤੀ) (4) ਦਰਵਾਯਾਨਯੋਗ (ਦ੍ਰਿਸ਼ਟੀਵਾਦ ਜਾਂ ਸੂਤਰ ਕ੍ਰਿਤਾਂਗ)।

ਤਦੁਲਵੈਤਾਲਿਕ (15) ਚੰਦਰ ਵੇਦਯਕ (16) ਸੁਰਯ ਪ੍ਰਗਿਆਪਤੀ (17) ਪੋਰਸ਼ੀ ਮੰਡਲ (18) ਮੰਡਲ ਪ੍ਰਵੇਸ਼ (19) ਵਿਦਿਆਚਰਨ ਵਿਨਿਸ਼ਚੈ (20) ਗਣੀ ਵਿਦਿਆ (21) ਧਿਆਨ ਵਿਭੱਕਤੀ (22) ਮਰਨ ਵਿਭੱਕਤੀ (23) ਆਤਮ ਵਿਸ਼ੁਧੀ (24) ਵੀਤਰਾਗ ਸ਼ਰੁਤ (25) ਸਲੇਖਨਾ ਸ਼ਰੁਤ (26) ਵਿਹਾਰ ਕਲਪ (27) ਚਰਨਵਿਧੀ (28) ਆਤੁਰ ਪ੍ਰਤਿਖਿਆਨ (29) ਮਹਾਪ੍ਰਤਿਖਿਆਨ ।

ਕਾਲਿਕ 35 ਹਨ

(1) ਉੱਤਰਾਂਧਿਐਨ (2) ਦਸ਼ਾਸ਼ਰੁਤ ਸਕੰਧ (3) ਬ੍ਰਹਮ ਕਲਪ (4) ਵਿਹਾਰ (5) ਨਸ਼ਿਥ (6) ਮਹਾਨਸ਼ਿਥ (7) ਰਿਸ਼ੀ ਭਾਸ਼ੀਤ (8) ਜੰਬੂ ਦੀਪ ਪ੍ਰਗਿਆਪਤੀ (9) ਦੀਪਸਾਗਰ ਪ੍ਰਗਿਆਪਤੀ (10) ਚੰਦਰ ਪ੍ਰਗਿਆਪਤੀ (11) ਲਘੁਵਿਮਾਨ ਪ੍ਰਵਿਭੱਕਤੀ (12) ਮਹਾਵਿਮਾਨ (13) ਅੰਗ ਚੁਲਿਕਾ (14) ਵਰਗ ਚੁਲਿਕਾ (15) ਵਿਆਖਿਆ ਚੁਲਿਕਾ (16) ਅਰੁਣੋਪਪਾਤ (17) ਵਰੁਣੋਪਪਾਤ (18) ਗਰੁਡੋਪਪਾਂਤ (19) ਧਰਨੋਪਪਾਤ (20) ਵੈਸ਼ਰਮਨਪਪਾਤ (21) ਵੇਲਧੰਰਪਪਾਤ (22) ਦੇਵੰਦਰਪਪਾਤ (23) ਉਥਾਨ ਸ਼ਰੁਤ (24) ਸਮੁਥਾਨ ਸ਼ਰੁਤ (25) ਨਾਗ ਪ੍ਰਗਿਆਪਨਿਕਾ (26) ਨਿਰਯਵਾਲਿਕਾ (27) ਕਲਪਾਵਤਸਿਕਾ (28) ਪੁਸ਼ਪਿਕਾ (29) ਪੁਸ਼ਪ ਚੁਲਿਕਾ (30) ਵਿਸ਼ਨ ਦਸ਼ਾ (31) ਆਸੀਵਿਸ਼ ਭਾਵਨਾ (32) ਦਰਿਸ਼ਟੀਵਿਸ਼ ਭਾਵਨਾ (33) ਸੁਪਨ ਭਾਵਨਾ (34) ਮਹਾਸੁਪਨ ਭਾਵਨਾ (35) ਤੇਜਨਿਸਰਗ ।

ਅੰਗ ਪ੍ਰਵਿਸ਼ਟ 12 ਹਨ ।

(1) ਆਚਾਰੰਗ (2) ਸੂਤਰ ਕ੍ਰਿਤਾਂਗ (3) ਸਥਾਨੰਗ (4) ਸਮਵਾਯਾਂਗ (5) ਵਿਆਖਿਆ ਪ੍ਰਗਿਆਪਤੀ (6) ਗਿਆਤਾ ਧਰਮ ਕਥਾਂਗ (7) ਉਪਾਸਕ ਦਸਾਂਗ (8) ਅੰਤਕ੍ਰਿਤਦਸਾਂਗ (9) ਅਨੁਤਰ ਔਪਪਾਤਿਕ (10) ਪ੍ਰਸ਼ਨ ਵਿਆਕਰਨ (11) ਵਿਪਾਕ (12) ਦ੍ਰਿਸ਼ਟੀਵਾਦ :

## ਦਿਗੰਵਰ ਪਰੰਪਰਾ ਅਨੁਸਾਰ ਆਗਮਾਂ ਦਾ ਵਰਗੀਕਰਨ

ਸ਼ਿਰੀ ਤੱਤਵਾਰਥ ਸੂਤਰ 1—20 ਸ਼ਰੁਤ ਸਾਗਰ ਵਿਰਤੀ ਅਨੁਸਾਰ ਇਸ ਪ੍ਰਕਾਰ ਹੈ :—

## ਆਗਮ

### ਅੰਗ ਪ੍ਰਵਿਸ਼ਟ

1. ਆਚਾਰ
2. ਸੂਤਰਕ੍ਰਿਤ
3. ਸਥਾਨ
4. ਸਮਵਾਯ
5. ਵਿਆਖਿਆ ਪ੍ਰਗਿਆਪਤੀ
6. ਗਿਆਤਾ ਧਰਮ ਕਥਾਂਗ
7. ਉਪਾਸ਼ਕ ਦਸਾਂਗ
8. ਅੰਤਕ੍ਰਿਤ ਦਸ਼ਾਗ
9. ਅਨੁਤਰਪੱਪਾਤਿਕ ਦਸ਼ਾਗ
10. ਪ੍ਰਸ਼ਨ ਵਿਆਕਰਨ
11. ਵਿਪਾਕ
12. ਦਰਿਸ਼ਟੀਵਾਦ

### ਅੰਗ ਬਾਹਰ

1. ਸਮਇਕ
2. ਚਤੁਰਵਿਸ਼ਤਵ
3. ਬੰਦਨਾ
4. ਪ੍ਰਤਿਕ੍ਰਮਨ
5. ਵੈਨਯੀਕ
6. ਕ੍ਰਤਿਕਰਮ
7. ਦਸ਼ਵੈਕਾਲਿਕ
8. ਉੱਤਰਾਧਿਐਨ
9. ਕਲਪ ਵਿਵਹਾਰ
10. ਕਲਪਾਕਲਪ
11. ਮਹਾਕਲਪ
12. ਪੁੰਡਰੀਕ
13. ਮਹਾ ਪੁੰਡਰੀਕ
14. ਅਸ਼ੀਤੀਕਾ

## ਦਰਿਸ਼ਟੀਵਾਦ

### ਪਰਿਕਰਮ

- ਚੰਦਰ ਪ੍ਰਗਿਆਪਤੀ
- ਸੂਰਜ ਪ੍ਰਗਿਆਪਤੀ
- ਜੰਬੂਦੀਪ ਪ੍ਰਗਿਆਪਤੀ
- ਦੀਪ ਸਾਗਰ ਪ੍ਰਗਿਆਪਤੀ
- ਵਿਆਖਿਆ ਪ੍ਰਗਿਆਪਤੀ

### ਸੂਤਰ

### ਪ੍ਰਥਮਾਨੁਯੋਗ

### ਪੂਰਵਗਤ

1. ਉਤਪਾਦ
2. ਅਗਰਾਏਣੀਏ
3. ਵੀਰਯਾਨੁਪ੍ਰਵਾਦ
4. ਆਸਤੀਨਾਸਤੀਪ੍ਰਵਾਦ
5. ਗਿਆਨਪ੍ਰਵਾਦ
6. ਸਤਯਪ੍ਰਵਾਦ
7. ਆਤਮ ਪ੍ਰਵਾਦ
8. ਕਰਮ ਪ੍ਰਵਾਦ
9. ਪ੍ਰਤਿਖਿਆਨ ਪ੍ਰਵਾਦ

### ਚੁਲਿਕਾ

1. ਜਲਗਤਾ
2. ਸਥਲਗਤਾ
3. ਮਾਯਾਗਤਾ
4. ਅਕਾਸ਼ਗਤਾ
5. ਰੂਪਗਤਾ